
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 21
September 4, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਵੀਜ਼ਾ ਚਾਹੁਣ ਵਾਲਿਆਂ 'ਤੇ ਹੋਰ ਸਖ਼ਤ ਨਜ਼ਰ ਰੱਖੇਗਾ ਅਮਰੀਕਾ



**ਵਾਸ਼ਿੰਗਟਨ (ਬਿਊਰੋ)–** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਵੀਜ਼ਾ, ਗ੍ਰੀਨ ਕਾਰਡ ਅਤੇ ਨਾਗਰਿਕਤਾ ਚਾਹੁਣ ਵਾਲੇ ਵਿਦੇਸ਼ੀ ਨਾਗਰਿਕਾਂ 'ਤੇ ਨਜ਼ਰ ਰੱਖਣ ਲਈ ਸੋਸ਼ਲ ਮੀਡੀਆ 'ਤੇ ਫਰਜ਼ੀ ਅਕਾਊਂਟਸ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਇਸਦੇ ਜ਼ਰੀਏ ਅਧਿਕਾਰੀ ਹੁਣ ਸੋਸ਼ਲ ਮੀਡੀਆ 'ਤੇ ਅਜਿਹੇ ਲੋਕਾਂ ਦੇ ਅਕਾਊਂਟਸ ਦੀ ਨਿਗਰਾਨੀ ਕਰ ਸਕਣਗੇ।

ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਜੁਲਾਈ 'ਚ ਨਿੱਜਤਾ ਸਬੰਧੀ ਮਾਮਲਿਆਂ ਦੀ ਸਮੀਖਿਆ ਕੀਤੀ ਗਈ ਸੀ, ਜਿਸ ਨੂੰ ਸ਼ੁੱਕਰਵਾਰ ਨੂੰ ਆਨਲਾਈਨ ਜਾਰੀ ਕੀਤਾ ਗਿਆ। ਇਸ 'ਚ ਇਹ ਕਿਹਾ ਗਿਆ ਹੈ ਕਿ ਅਧਿਕਾਰੀਆਂ ਦੇ ਫਰਜ਼ੀ ਅਕਾਊਂਟ ਖੋਲ੍ਹਣ 'ਤੇ ਲੱਗੀ ਰੋਕ ਨੂੰ ਹਟਾ ਲਿਆ ਗਿਆ ਹੈ। ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ਼ (ਯੂਐੱਸਸੀਆਈਐੱਸ) ਨੇ ਬਿਆਨ 'ਚ ਕਿਹਾ ਕਿ ਫਰਜ਼ੀ ਅਕਾਊਂਟ ਤੇ ਪਛਾਣ ਬਣਾਉਣ ਨਾਲ ਜਾਂਚਕਰਤਾਵਾਂ ਲਈ ਫਰਜ਼ੀਵਾੜੇ ਜਾਂ ਸੁਰੱਖਿਆ ਚਿੰਤਾਵਾਂ ਨੂੰ ਲੈ ਕੇ ਸਬੂਤ ਇਕੱਠਾ ਕਰਨਾ ਆਸਾਨ ਹੋ ਜਾਵੇਗਾ। ਇਸ ਨਾਲ ਇਹ ਤੈਅ ਹੋ ਸਕੇਗਾ ਕਿ ਕਿਸੇ ਵਿਅਕਤੀ ਨੂੰ ਅਮਰੀਕਾ 'ਚ ਪ੍ਰਵੇਸ਼ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਨਹੀਂ।

ਜੂਨ 'ਚ ਅਮਰੀਕੀ ਵਿਦੇਸ਼ ਮੰਤਰਾਲੇ ਨੇ ਵੀਜ਼ਾ ਅਰਜ਼ੀਕਾਰਾਂ ਲਈ ਸੋਸ਼ਲ ਮੀਡੀਆ 'ਤੇ ਆਪਣੇ ਅਕਾਊਂਟ ਬਾਰੇ ਜਾਣਕਾਰੀ ਦੇਣਾ ਲਾਜ਼ਮੀ ਕਰ ਦਿੱਤਾ ਸੀ। ਟਰੰਪ ਪ੍ਰਸ਼ਾਸਨ ਨੇ ਦੇਸ਼ 'ਚ ਆਉਣ ਵਾਲੇ ਲੋਕਾਂ ਦੀ ਵਿਆਪਕ ਜਾਂਚ ਦੇ ਤਹਿਤ ਇਹ ਕਦਮ ਉਠਾਇਆ ਸੀ।

ਇਹ ਹਾਲੇ ਸਪਸ਼ਟ ਨਹੀਂ ਹੈ ਕਿ ਫੇਸਬੁੱਕ ਅਤੇ ਟਵਿਟਰ ਵਰਗੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਫਰਜ਼ੀ ਅਕਾਊਂਟ ਕਿਵੇਂ ਖੋਲ੍ਹੇ ਜਾਣਗੇ? ਕਿਉਂਕਿ ਇਹ ਸੋਸ਼ਲ ਸਾਈਟਾਂ ਫਰਜ਼ੀ ਅਕਾਊਂਟ ਨੂੰ ਆਪਣੇ ਨਿਯਮਾਂ ਦੀ ਉਲੰਘਣਾ ਮੰਨਦੀਆਂ ਹਨ। ਫੇਸਬੁੱਕ ਅਤੇ ਟਵਿਟਰ ਨੇ ਹਾਲੀਆ ਹੀ 'ਚ ਵੱਡੀ ਗਿਣਤੀ 'ਚ ਅਜਿਹੇ ਅਕਾਊਂਟ ਬੰਦ ਕੀਤੇ ਸਨ।

ਅਮਰੀਕਾ ਦੇ ਨਵੇਂ ਕਦਮ 'ਤੇ ਟਵਿਟਰ ਨੇ ਆਪਣੇ ਬਿਆਨ 'ਚ ਕਿਹਾ ਹੈ, 'ਫਰਜ਼ੀ ਨਾਂ ਨਾਲ ਅਕਾਊਂਟ ਬਣਾ ਕੇ ਲੋਕਾਂ ਦੀ ਨਿਗਰਾਨੀ ਕਰਨਾ ਸਾਡੀ ਨੀਤੀ ਦੇ ਖ਼ਿਲਾਫ਼ ਹੈ। ਅਸੀਂ ਪਤਾ ਲਗਾ ਰਹੇ ਹਾਂ ਕਿ ਕੀ ਯੂਐੱਸਸੀਆਈਐੱਸ ਦੇ ਤਜਵੀਜ਼ਸ਼ੁਦਾ ਕਦਮ ਸਾਡੀਆਂ ਸ਼ਰਤਾਂ ਦੇ ਅਨੁਕੂਲ ਹਨ ਜਾਂ ਨਹੀਂ।'




**ਪਾਕਿਸਤਾਨ 'ਚ ਤਿੰਨ ਰੋਜ਼ਾ ਅੰਤਰਾਸ਼ਟਰੀ ਸਿੱਖ ਕਨਵੈਨਸ਼ਨ ਵਿਚ ਅਮਰੀਕਾ ਤੋਂ ਵੀ ਜੱਥੇ ਨੇ ਕੀਤੀ ਸਮੂਲੀਅਤ।** (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 7 'ਤੇ)




**ਬਾਬਾ ਸਾਹਿਬ ਜੀ ਦੇ ਪੜਪੋਤਰੇ ਸ੍ਰੀ ਰਾਜ ਰਤਨ ਅੰਬੇਡਕਰ ਨੇ ਕੀਤੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਰੱਜ ਕੇ ਪ੍ਰਸ਼ੰਸ਼ਾ** (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 9 'ਤੇ)


ਅਮੋਲਕ ਸਿੰਘ ਗਾਖਲ


ਮੱਖਣ ਸਿੰਘ ਬੈਂਸ

**ਵਿਸ਼ਵ ਕਬੱਡੀ ਕੱਪ ਦੇ ਸਪਾਂਸਰਾਂ ਸਿਰ ਬੱਝੇਗਾ ਇਤਿਹਾਸਕ ਸਫਲਤਾ ਦਾ ਸਿਹਰਾ**
(ਰਿਪੋਰਟ ਦੇਖੋ ਸਫਾ 3 'ਤੇ ਅਤੇ ਇਸ਼ਤਿਹਾਰ ਦੇਖੋ ਸਫਾ 23 'ਤੇ)

## ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਦੇ ਮੁੜ ਨਿਰਮਾਣ ਬਾਰੇ ਸੰਤਾਂ-ਮਹਾਂਪੁਰਸ਼ਾਂ ਵੱਲੋਂ ਕੇਂਦਰ ਸਰਕਾਰ ਨਾਲ ਮੀਟਿੰਗ



**ਦਿੱਲੀ–** ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਅਤੇ ਸ੍ਰੀ ਗੁਰੂ ਰਵਿਦਾਸ ਪੁਨਰਨਿਰਮਾਣ ਸੰਘਰਸ਼ ਕਮੇਟੀ ਦੇ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਭਾਰਤ ਭਰ ਤੋਂ ਸੰਤ ਮਹਾਂਪੁਰਸ਼ਾਂ ਨੂੰ ਸੱਦਾ ਦੇ ਕੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਤੀਰਥ ਅਸਥਾਨ ਮੰਦਰ ਤੁਗਲਕਾਬਾਦ ਸਬੰਧੀ ਮੀਟਿੰਗ ਕੀਤੀ ਗਈ।ਇਹ ਮੀਟਿੰਗ ਕੇਂਦਰੀ ਮੰਤਰੀ

**(ਬਾਕੀ ਦੇਖੋ ਸਫਾ 9 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga




RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਵਿਸ਼ਵ ਕਬੱਡੀ ਕੱਪ ਦੇ ਸਪਾਂਸਰਾਂ ਸਿਰ ਬੱਝੇਗਾ ਇਤਿਹਾਸਕ ਸਫਲਤਾ ਦਾ ਸਿਹਰਾ

## 15 ਸਤੰਬਰ ਨੂੰ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ’ਤੇ ਹੋਵੇਗਾ ਪ੍ਰਮੁੱਖ ਸ਼ਖਸ਼ੀਅਤਾਂ ਦਾ ਸਨਮਾਨ- ਗਾਖਲ


ਸ. ਅਮੋਲਕ ਸਿੰਘ ਗਾਖਲ


ਇਕਬਾਲ ਸਿੰਘ ਗਾਖਲ


ਜੁਗਰਾਜ ਸਿੰਘ ਸਹੋਤਾ


ਨਰਿੰਦਰ ਸਿੰਘ ਸਹੋਤਾ


ਤੀਰਥ ਸਿੰਘ ਗਾਖਲ


**ਵਾਟਸਨਵਿੱਲ (ਬਿਓਰੋ)–** ਮਿਤੀ 15 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ’ਚ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਵਲੋਂ ਕਰਵਾਏ ਜਾ ਰਹੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਇਕ ਅਹਿਮ ਤਕਨੀਕੀ ਤੇ ਪ੍ਰਸ਼ਾਸ਼ਨਿਕ ਮੀਟਿੰਗ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸਭ ਤੋਂ ਪਹਿਲਾਂ ਇਕ ਮਤੇ ਰਾਹੀਂ ਆਪਣੇ ਸਾਰੇ ਸਪਾਂਸਰਸਜ਼ ਦਾ ਧੰਨਵਾਦ ਕੀਤਾ ਗਿਆ। ਖਾਸ ਤੌਰ ’ਤੇ ਡਾਇਮੰਡ ਸਪਾਂਸਰ ਸ. ਇੰਦਰ ਸਿੰਘ ਦੋਸਾਂਝ, ਸਰਾਏ ਪਰਿਵਾਰ, ਪਹਿਲੇ ਇਨਾਮ ਦੇ ਸਪਾਂਸਰ ਜਗਜੀਤ ਸਿੰਘ ਰੱਕੜ (ਓਸ਼ੀਅਨ ਟਰਾਂਸਪੋਰਟ), ਕੁਲਜੀਤ ਸਿੰਘ ਨਿੱਝਰ (ਵਾਈਟ ਹਾਕ), ਦੂਜੇ ਵੱਡੇ ਇਨਾਮ ਦੇ ਸਪਾਂਸਰ ਸਹੋਤਾ ਭਰਾ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਤੀਜਾ ਵੱਡਾ ਇਨਾਮ ਦੇਣ ਵਾਲੇ ਬੋਪਾਰਾਏ ਭਰਾ ਜਸਵਿੰਦਰ ਬੋਪਾਰਾਏ, ਦਲਬੀਰ ਬੋਪਾਰਾਏ, ਮਲਕੀਤ ਬੋਪਾਰਾਏ ਅਤੇ ਗੁਰਦੇਵ ਬੋਪਾਰਾਏ ਦਾ ਧੰਨਵਾਦ ਵੀ ਕੀਤਾ ਗਿਆ। ਇਸ ਕਬੱਡੀ ਕੱਪ ਨੂੰ ਸਫਲ ਬਣਾਉਣ ਲਈ ਇਸ ਵੱਡੇ ਸਹਿਯੋਗ ਦੀ ਭਵਿੱਖ ਵਿਚ ਵੀ ਅਜਿਹੀ ਆਸ ਪ੍ਰਗਟਾਈ। ਆਲ ਓਪਨ ਦੇ ਮੁੱਖ ਸਪਾਂਸਰ ਸਵ. ਸੰਤੋਖ ਸਿੰਘ ਤੱਖਰ ਦੇ ਪਰਿਵਾਰ ਦਾ ਵੀ ਉਚੇਚਾ ਧੰਨਵਾਦ ਕੀਤਾ ਗਿਆ। ਸ. ਗਾਖਲ ਨੇ ਕਿਹਾ ਕਿ ਵਿਸ਼ਵ ਕਬੱਡੀ ਦੇ ਮੁੱਖ ਮਹਿਮਾਨ ਸੈਨੇਟ ਦੀ ਚੋਣ ਲੜ ਰਹੇ ਮੈਨੀ ਗਰੇਵਾਲ ਹੋਣਗੇ ਅਤੇ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਸੇਵਾ ਸਿੰਘ ਰੰਧਾਵਾ, ਜਸਪ੍ਰੀਤ ਅਟਾਰਨੀ, ਰਾਜ ਸਲਵਾਨ, ਮੇਜਰ ਸਿੰਘ ਬੈਂਸ ਤੇ ਤੀਰਥ ਸਿੰਘ ਗਾਖਲ ਸਾਂਝੇ ਰੂਪ ਵਿਚ ਕਰਨਗੇ।

ਸ. ਗਾਖ਼ਲ ਨੇ ਇਹ ਵੀ ਮਾਣ ਨਾਲ ਕਿਹਾ ਕਿ ਉਹ ਆਪਣੇ ਪਿਤਾ ਸਵ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਗੋਲਡ ਮੈਡਲਾਂ ਨਾਲ ਸਨਮਾਨ ਕਰਨਗੇ। ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰ ਰਹੇ ਸ. ਇਕਬਾਲ ਸਿੰਘ ਗਾਖਲ ਤੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਵਿਸ਼ਵ ਕੱਪ ਵਿਚ ਚਾਰ ਪ੍ਰਮੁੱਖ ਟੀਮਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਮੈਟਰੋ ਸਪੋਰਟਸ ਕਲੱਬ ਨਿਊਯਾਰਕ ਅਤੇ ਕੈਨੇਡਾ ਕਲੱਬ ਦੀਆਂ ਟੀਮਾਂ ਸ਼ਾਮਿਲ ਹੋ ਰਹੀਆਂ ਹਨ। ਖਾਸ ਗੱਲ ਇਹ ਹੋਵੇਗੀ ਕਿ ਚੌਹਾਂ ਟੀਮਾਂ ਵਿਚ ਹੀ ਬਰਾਬਰ ਝੰਡਾਂ ਕਰਨ ਵਾਲੇ ਖਿਡਾਰੀਆਂ ਸੰਤੁਲਨ ਕਾਇਮ ਰੱਖਿਆ ਗਿਆ ਹੈ ਅਤੇ ਦਰਸ਼ਕਾਂ ਨੂੰ ਇਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਤਿਹਾਸਕ ਕਬੱਡੀ ਕੱਪ ਦਾ ਹਰ ਮੈਚ ਹੀ ਸਾਹ ਰੋਕ ਕੇ ਵੇਖਣ ਵਾਂਗ ਅਨੰਦ ਦੇਵੇਗਾ। ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਵਿਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਇਸ ਇਤਿਹਾਸਕ ਕਬੱਡੀ ਕੱਪ ਦੀ ਇਹ ਵੀ ਇਕ ਖਾਸੀਅਤ ਹੋਵੇਗੀ ਕਿ ਸਮਾਜਿਕ, ਖੇਡਾਂ, ਸਾਹਿਤ ਅਤੇ ਹੋਰ ਖੇਤਰਾਂ ਵਿਚ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕਰਨ ਵਾਲੀਆਂ ਪੰਜ ਸਖਸ਼ੀਅਤਾਂ ਡਾ. ਹਰਕੇਸ਼ ਸਿੰਘ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਗੈਰੀ ਸਿੰਘ ਡਿਪਟੀ ਮੇਅਰ ਯੂਨੀਅਨ ਸਿਟੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪ੍ਰਸ਼ਾਸ਼ਕੀ ਪੱਖ ਤੋਂ ਹਰ ਪਹਿਲੂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਸਕਿਉਰਿਟੀ, ਪਾਰਕਿੰਗ ਦਾ ਖਾਸ ਬੰਦੋਬਸਤ ਕਰਦਿਆਂ ਹਜ਼ਾਰਾਂ ਦੀ ਤਾਦਾਦ ਵਿਚ ਪੁੱਜਣ ਵਾਲੇ ਦਰਸ਼ਕਾਂ ਨੂੰ ਹਰ ਸਹੂਲਤ ਪ੍ਰਦਾਨ ਕਰਨ ਦੇ ਪ੍ਰਬੰਧ ਕੀਤੇ ਗਏ ਹਨ। ਫਰੀਮਾਂਟ, ਮਿਲਪੀਟਸ, ਸੈਨਹੋਜ਼ੇ ਅਤੇ ਸਟਾਕਟਨ ਗੁਰੂਘਰਾਂ ਵਲੋਂ ਗੁਰੂ ਕੇ ਲੰਗਰ ਦੀ ਸੇਵਾ ਕੀਤੀ ਜਾਵੇਗੀ ਜਦੋਂਕਿ ਰਾਜਾ ਸਵੀਟਸ ਵਲੋਂ ਚਾਹ ਪਕੌੜਿਆਂ ਤੇ ਜਲੇਬੀਆਂ ਦਾ ਲੰਗਰ ਅਤੇ ਸ਼ਿਕਾਗੋ ਪੀਜ਼ਾ ਉੱਥੇ ਹੀ ਤਿਆਰ ਕਰਕੇ ਦਰਸ਼ਕਾਂ ਨੂੰ ਮੁਫਤ ਦਿੱਤਾ ਜਾਵੇਗਾ। ਸ. ਗਾਖਲ ਨੇ ਉਚੇਚੇ ਤੌਰ ’ਤੇ ਕਿਹਾ ਕਿ ਮੇਲੇ ਦੇ ਸਪਾਂਸਰ ਇਸ ਮੇਲੇ ਲਈ ਰੀੜ੍ਹ ਦੀ ਹੱਡੀ ਹਨ ਅਤੇ ਇਸ ਮੇਲੇ ਨੂੰ ਸਫਲ ਬਣਾਉਣ ਲਈ ਉਹ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਿਣਗੇ। ਮੀਟਿੰਗ ਵਿਚ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਐੱਸ.ਅਸ਼ੋਕ.ਭੌਰਾ, ਪਲਵਿੰਦਰ ਸਿੰਘ ਗਾਖਲ, ਦੇਬੀ ਸੋਹਲ, ਗੁਰਪ੍ਰੀਤ ਗਾਖ਼ਲ, ਅਰੁਨਦੀਪ ਸਿੰਘ, ਗੁਰਨਾਮ ਸਿੰਘ ਵੜੈਚ, ਬਲਜਿੰਦਰ ਸਿੰਘ, ਕਿਰਨਦੀਪ ਸਿੰਘ, ਗੁਰਪ੍ਰੀਤ ਸਿੰਘ ਗਾਖਲ ਅਤੇ ਕਾਲਾ ਗਾਖਲ ਵੀ ਹਾਜ਼ਰ ਸਨ। ਹੋਰ ਜਾਣਕਾਰੀ ਲਈ 510-415-3315 ਤੇ ਕਾਲ ਵੀ ਕੀਤੀ ਜਾ ਸਕਦੀ ਹੈ।

# ਪਾਕਿ ’ਚ ਅਗਵਾ ਕੀਤੀ ਸਿੱਖ ਲੜਕੀ ਨੂੰ ਪਰਿਵਾਰ ਹਵਾਲੇ ਕੀਤਾ

**ਲਾਹੌਰ –** ਪਾਕਿਸਤਾਨ 'ਚ ਅਗਵਾ ਕਰ ਕੇ ਮੁਸਲਮਾਨ ਬਣਾਈ ਗਈ ਸਿੱਖ ਲੜਕੀ ਨੂੰ ਉਸ ਦੇ ਪਰਿਵਾਰ ਹਵਾਲੇ ਕਰ ਦਿੱਤਾ ਗਿਆ ਹੈ। ਉਸ ਨੂੰ ਸਰਕਾਰ ਦੇ ਉੱਚ-ਪੱਧਰੀ ਵਫ਼ਦ ਅਤੇ ਸਿੱਖ ਭਾਈਚਾਰੇ ਦੀ 30 ਮੈਂਬਰੀ ਕਮੇਟੀ ਦਰਮਿਆਨ ਹੋਏ ਸਮਝੌਤੇ ਤੋਂ ਬਾਅਦ ਪਰਿਵਾਰ ਨੂੰ ਸੌਂਪਿਆ ਗਿਆ। ਇਸ ਤਰ੍ਹਾਂ ਪਿਛਲੇ ਪੰਜ ਦਿਨਾਂ ਤੋਂ ਚੱਲ ਰਿਹਾ ਵਿਵਾਦ ਖ਼ਤਮ ਹੋ ਗਿਆ ਹੈ। ਇਹ ਜਾਣਕਾਰੀ ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਸਰਵਰ ਨੇ ਦਿੱਤੀ।

ਆਪਣੇ ਸਰਕਾਰੀ ਅਕਾਊਂਟ ਤੋਂ ਕੀਤੇ ਟਵੀਟ 'ਚ ਸਰਵਰ ਨੇ ਕਿਹਾ ਕਿ ਮਾਮਲੇ ਦਾ ਸ਼ਾਂਤੀ ਨਾਲ ਹੱਲ ਕਰ ਲਿਆ ਗਿਆ ਹੈ। ਉਨ੍ਹਾਂ ਜਗਜੀਤ ਕੌਰ ਅਤੇ ਜਿਸ ਨੌਜਵਾਨ ਨਾਲ ਉਸ ਦਾ ਨਿਕਾਹ ਪੜ੍ਹਵਾਇਆ ਗਿਆ ਸੀ, ਦੇ ਪਰਿਵਾਰਾਂ ਦਾ ਧੰਨ-ਵਾਦ ਕੀਤਾ ਜਿਹੜੇ ਇਸ ਮਾਮਲੇ ਦੇ ਹੱਲ ਲਈ



ਗਵਰਨਰ ਹਾਊਸ ਪੁੱਜੇ ਸਨ।

ਗਵਰਨਰ ਨੇ ਟਵੀਟ ਕੀਤਾ, ਪਾਕਿਸਤਾਨ ਤੇ ਦੁਨੀਆ ਭਰ 'ਚ ਬੈਠੇ ਸਿੱਖ ਭਾਈਚਾਰੇ ਦੇ ਲੋਕਾਂ ਲਈ ਵੱਡੀ ਖ਼ਬਰ ਹੈ। ਨਨਕਾਣਾ ਸਾਹਿਬ ਦੀ ਲੜਕੀ ਦੇ ਮਸਲੇ ਨੂੰ ਸ਼ਾਂਤੀਪੂਰਵਕ ਢੰਗ ਨਾਲ ਹੱਲ ਕਰ ਲਿਆ ਗਿਆ ਹੈ। ਲੜਕੀ ਆਪਣੇ ਪਰਿਵਾਰ ਨਾਲ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਅਸੀਂ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਵਾਂਗੇ।

ਇਕ ਵੀਡੀਓ 'ਚ ਸਰਵਰ ਨੇ ਕਿਹਾ ਕਿ ਜਗਜੀਤ ਕੌਰ ਨਾਲ ਜ਼ਬਰਦਸਤੀ ਨਿਕਾਹ ਕਰਨ ਵਾਲੇ ਨੌਜਵਾਨ ਦੇ ਪਿਤਾ ਨੇ ਕਿਹਾ ਹੈ ਕਿ ਉਹ ਲੜਕੀ ਨੂੰ ਲੈਣ ਲਈ ਕਿਸੇ ਵੀ ਅਦਾਲਤ 'ਚ ਨਹੀਂ ਜਾਣਗੇ। ਜੇਕਰ ਉਹ ਆਪਣੇ ਪਰਿਵਾਰ ਕੋਲ ਜਾਣਾ ਚਾਹੁੰਦੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਉਹ ਉਸ ਦੇ ਮਾਤਾ-ਪਿਤਾ ਹਨ।




# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ ਨੂੰ

**ਯੂਬਾ ਸਿਟੀ (ਬਿਊਰੋ)–** ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਈ, ਜਿਸ ਵਿਚ ਵਿਸ਼ਾਲ ਸ਼ਰਬਤੀ, ਦੀਪਕ ਥਾਪਰ, ਬਲਵੀਰ ਖਾਪਰ ਸੈਕਰਾਮੈਂਟੋ, ਸੰਤੋਖ ਸਿੰਘ ਗਿੱਲ, ਕੁੰਦਨ ਲਾਲ ਸੌਂਧੀ, ਜੋਗਿੰਦਰ ਸਿੰਘ ਸ਼ੌਂਕੀ, ਬਲਵੀਰ ਧਾਰੀਵਾਲ (ਸੋਨੀ) ਸੈਕਰਾਮੈਂਟੋ ਤੇ ਬਹੁਤ ਸਾਰੀਆਂ ਬੀਬੀਆਂ ਨੇ ਵੀ ਭਾਗ ਲਿਆ। ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਸਰਵ-ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 11 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਆਰੰਭ ਕੀਤੇ ਜਾਣਗੇ। 12 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਤੇ 13 ਅਕਤੂਬਰ ਦਿਨ ਐਤਵਾਰ ਨੂੰ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ ਤੇ ਭੋਗ ਉਪਰੰਤ ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਦੇ ਕਲਾਕਾਰ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਵੀ ਗੁਰੂ ਸਾਹਿਬ ਦੀ ਮਹਿਮਾ ਗਾਉਣਗੇ। ਕਥਾਵਾਚਕ ਤੇ ਬੁਲਾਰੇ ਆਪਣੇ-ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ। ਤਿੰਨੇ ਦਿਨ ਲੰਗਰ ਅਤੁੱਟ ਵਰਤਣਗੇ। ਪ੍ਰੋਗਰਮਾਂ ਦੌਰਾਨ ਜੋ ਸੇਵਾਦਾਰ ਕਿਸੇ ਤਰ੍ਹਾਂ ਦੀ ਸੇਵਾ ਲੈਣਾ ਚਾਹੁੰਦਾ ਹੋਵੇ ਤਾਂ ਪ੍ਰਧਾਨ ਪ੍ਰੇਮ ਸੌਂਧੀ ਨਾਲ 530-813-3877 'ਤੇ ਸੰਪਰਕ ਕਰ ਸਕਦੇ ਹਨ। ਅਦਾਰਾ 'ਦੇਸ਼ ਦੁਆਬਾ' ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।



# ਸਰਬੱਤ ਦੇ ਭਲੇ ਲਈ ਅਰਦਾਸ ਕੀਤੀ





**ਕੈਲੇਫੋਰਨੀਆ (ਬਿਊਰੋ)–** ਗੁਰਦੁਆਰਾ ਬਾਬਾ ਬੁੱਢਾ ਜੀ ਸਿੱਖ ਟੈਂਪਲ ਕੈਲੀਫੋਰਨੀਆ ਵਿਖੇ ਬੀਤੀ 25 ਅਗਸਤ ਦਿਨ ਐਤਵਾਰ ਨੂੰ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਸਮਾਗਮ ਹੋਏ। ਇਸ ਸਮਾਗਮ ਵਿਚ ਭਾਈ ਫਤਿਹ ਸਿੰਘ ਸੈਕਰਾਮੈਂਟੋ ਵਾਲਿਆਂ ਦੇ ਰਾਗੀ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਬਲਵੰਤ ਸਿੰਘ ਨੇ ਕਥਾ ਰਾਹੀਂ ਹਾਜ਼ਰੀ ਭਰੀ ਅਤੇ ਇਸ ਦਰਮਿਆਨ ਪੰਜਾਬ ਵਿਚ ਹੜ੍ਹਾਂ ਕਾਰਨ ਹੋਈ ਤਬਾਹੀ ਤੋਂ ਬਚਾਅ ਲਈ ਅਰਦਾਸ ਕੀਤੀ ਗਈ। ਸਮਾਗਮਾਂ ਦੀ ਸੇਵਾ ਧਾਲੀਵਾਲ ਯੂਬਾ ਸਿਟੀ ਵਾਲੇ ਪ੍ਰਵੀਨ ਸਿੰਘ ਪਰਿਵਾਰ ਨੇ ਲਈ। ਭਾਈ ਬਲਵੀਰ ਸਿੰਘ ਪ੍ਰਧਾਨ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਪਰਿਵਾਰ ਦਾ ਵੀ ਧੰਨਵਾਦ ਕੀਤਾ। ਗੁਰੂ ਘਰ ਦੇ ਗ੍ਰੰਥੀ ਭਾਈ ਨਰਿੰਦਰ ਸਿੰਘ ਨੇ ਧਾਲੀਵਾਲ ਪਰਿਵਾਰ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਕੇ ਗੁਰੂ ਘਰ ਵੱਲੋਂ ਸਤਿਕਾਰ ਕੀਤਾ।

# ਸਿਆਟਲ ਖੇਡ- ਕੈਂਪ ਦੇ ਵਿਸ਼ੇਸ਼ ਮਹਿਮਾਨਾਂ ਤੇ ਸਪਾਂਸਰਾਂ ਦਾ ਸਵਾਗਤ ਹੋਇਆ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਦਸਵੇਂ ਖੇਡ ਕੈਂਪ ਦੇ ਵਿਸ਼ੇਸ਼ ਮਹਿਮਾਨਾਂ ਹਰਿਆਣਾ ਦੇ ਐਡੀਸ਼ਨਲ ਡੀ. ਜੀ. ਪੀ. ਓਮ ਪ੍ਰਕਾਸ਼ ਸਿੰਘ, ਸਮਾਜ ਸੇਵੀ ਮਾਂਟਰੀਅਲ ਤੋਂ ਹਰਭਜਨ ਸਿੰਘ ਘੁੰਮਣ, ਡਾ. ਪ੍ਰਭਜੋਤ ਸਿੰਘ ਸਿੱਧੂ, ਨਾਕੀਬ ਰਹਿਮਾਨ, ਅਮਰੀਕ ਸਿੰਘ ਵਿਰਕ, ਹਰਦੇਵ ਸਿੰਘ ਜੱਜ, ਗੁਲਜਾਰ ਸਿੰਘ ਸੋਹਲ ਅਤੇ ਇਸ ਸਾਲ ਦੇ ਸਪਾਂਸਰਾਂ ਬਲਜੀਤ ਸਿੰਘ ਸੋਹਲ, ਗੁਰਮੀਤ ਸਿੰਘ ਨਿੱਝਰ ਤੇ ਮਨਮੋਹਣ ਸਿੰਘ ਧਾਲੀਵਾਲ ਦਾ ਨਿੱਘਾ ਸਵਾਗਤ ਕੀਤਾ ਗਿਆ। ਗੁਰਦੀਪ ਸਿੰਘ ਸਿੱਧੂ, ਕੁਲਵੰਤ ਸ਼ਾਹ ਤੇ ਪਰਮਿੰਦਰ ਸਿੰਘ ਭੱਟੀ ਨੇ ਦੱਸਿਆ ਕਿ ਪਿਛਲੇ 10 ਸਾਲ ਤੋਂ ਖੇਡ ਕੈਂਪ ਪੰਜਾਬੀ ਭਾਈਚਾਰੇ ਦੇ ਸਹਿਯੋਗ ਅਤੇ ਦਾਨੀ ਸੱਜਣਾਂ ਦੇ ਵਡਮੁੱਲੇ ਯੋਗਦਾਨ ਨਾਲ ਚੱਲ ਸਕਿਆ ਹੈ, ਜਿਸ ਦਾ ਪੰਜਾਬੀ ਭਾਈਚਾਰੇ ਦੇ 200 ਬੱਚਿਆਂ ਨੇ ਲਾਭ ਉਠਾਇਆ ਹੈ, ਜਿੱਥੇ ਬੱਚਿਆਂ 'ਚ ਆਪਸੀ ਸਾਂਝ ਤੇ ਮਿਲਵਰਤਣ ਵਧਿਆ ਹੈ।

# ਫਲੋਰੀਡਾ 'ਚ ਜਾਰੀ ਕੀਤੀ ਗਈ ਚਿਤਾਵਨੀ, ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਣ ਦੇ ਆਦੇਸ਼

**ਫਲੋਰੀਡਾ (ਬਿਊਰੋ)–** ਅਮਰੀਕਾ 'ਚ ਤਬਾਹੀ ਢਾਹ ਰਿਹਾ ਡੋਰੀਅਨ ਤੂਫ਼ਾਨ ਸਬੰਧੀ ਇਕ ਨਵੀਂ ਚਿਤਾਵਨੀ ਜਾਰੀ ਕੀਤੀ ਗਈ ਹੈ। ਡੋਰੀਅਨ ਤੂਫ਼ਾਨ ਨੇ ਸੋਮਵਾਰ ਸ਼ਾਮ ਅਮਰੀਕਾ ਦੇ ਫਲੋਰੀਡਾ ਦੇ ਇਕ ਹਿੱਸੇ 'ਚ ਅਟਲਾਂਟਿਕ ਤੱਟ ਨੇੜੇ ਟਕਰਾਉਣ ਦੀ ਸੰਭਾਵਨਾ ਹੈ। ਤੂਫ਼ਾਨ ਦੀ ਚਿਤਾਵਨੀ ਐਤਵਾਰ ਰਾਤ (ਸਥਾਨਕ ਸਮੇਂ) ਵਿਸ਼ੇਸ਼ ਰੂਪ ਨਾਲ ਪੂਰਬੀ ਫਲੋਰੀਡਾ ਦੇ ਇਕ ਹਿੱਸੇ 'ਚ ਅਟਲਾਂਟਿਕ ਤੱਟ ਦੇ ਕਿਨਾਰੇ ਸਥਿਤ ਸ਼ਕਤੀਸ਼ਾਲੀ ਤੂਫਾਨ ਡੋਰੀਅਨ ਦੇ ਰੂਪ 'ਤ ਸੰਯੁਕਤ ਰਾਸ਼ਟਰ ਅਮਰੀਕਾ ਨੇੜੇ ਜਾਰੀ ਕੀਤੀ ਗਈ ਸੀ। ਤੂਫ਼ਾਨ ਦੇ ਮੱਦੇਨਜ਼ਰ ਦੱਖਣੀ ਕੈਰੋਲੀਨਾ ਤੇ ਜਾਰਜ਼ੀਆ 'ਚ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਣ ਦੇ



ਆਦੇਸ਼ ਜਾਰੀ ਕਰ ਦਿੱਤੇ ਗਏ ਹਨ।

ਮਿਆਮੀ ਸਥਿਤ ਰਾਸ਼ਟਰੀ ਤੂਫ਼ਾਨ ਕੇਂਦਰ ਨੇ ਸ਼ਾਮ 5 ਵਜੇ ਦੇ ਆਸਪਾਸ ਤੂਫ਼ਾਨ ਸਬੰਧੀ ਪਹਿਲੀ ਚਿਤਾਵਨੀ ਜਾਰੀ ਕੀਤੀ। ਫੌਕਸ ਨਿਊਜ਼ ਨੇ ਦੱਸਿਆ ਕਿ ਤੂਫ਼ਾਨ ਕਰੀਬ 175 ਮੀਲ ਪਹਿਲਾਂ ਤੇ ਸ਼ਾਮ ਪੰਜ ਵਜੇ ਪੱਛਮ ਵੱਲ ਵੱਧ ਰਿਹਾ ਹੈ।

ਇਸ ਤੋਂ ਪਹਿਲਾਂ ਡੇਰੀਅਨ ਤੂਫ਼ਾਨ ਐਤਵਾਰ ਬਹਾਮਾਸ ਪਹੁੰਚਿਆ। ਤੂਫ਼ਾਨ ਡੇਰੀਅਨ ਨੇ ਬਹਾਮਾਸ 'ਚ ਅਬਕੋ ਟਾਪੂ 'ਤੇ ਦਸਤਕ ਦਿੱਤੀ। ਬਹਾਮਾਸ ਦੇ ਸੈਲਾਨੀ ਮੰਤਰਾਲੇ ਦੇ ਡਾਇਰੈਕਟਰ ਨੇ ਕਿਹਾ ਕਿ ਡੋਰੀਅਨ ਤੂਫ਼ਾਨ ਨਾਲ ਹੋਏ ਜਾਨੀ ਨੁਕਸਾਨ ਦੀ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ।




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


# ਟਰੇਸੀ 'ਚ ਬਜ਼ੁਰਗ ਸਿੱਖ ਦੀ ਹੱਤਿਆ ਦਾ ਸ਼ੱਕੀ ਗ੍ਰਿਫ਼ਤਾਰ

**ਟਰੇਸੀ–** ਪੁਲਿਸ ਨੇ 64 ਸਾਲਾ ਭਾਰਤੀ ਸਿੱਖ ਪਰਮਜੀਤ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਇਕ ਸ਼ੱਕੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਐਤਵਾਰ ਨੂੰ ਦੱਸਿਆ ਕਿ ਇਸ ਮਾਮਲੇ 'ਚ 21 ਸਾਲ ਦੇ ਐਂਥਨੀ ਕ੍ਰੀਟਰ ਰੋਡਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪਰਮਜੀਤ ਤਿੰਨ ਸਾਲ ਪਹਿਲਾਂ ਭਾਰਤ ਤੋਂ ਅਮਰੀਕਾ ਪੁੱਜੇ ਸਨ। ਕੈਲੀਫੋਰਨੀਆ ਦੇ ਟ੍ਰੇਸੀ ਸ਼ਹਿਰ ਦੇ ਨਾਮੀ ਸਿੱਖਾਂ 'ਚ ਉਨ੍ਹਾਂ ਦੀ ਗਿਣਤੀ ਹੁੰਦੀ ਸੀ। ਪਿਛਲੀ 25 ਅਗਸਤ ਦੀ ਸ਼ਾਮ ਗ੍ਰੇਚੇਨ ਟੈਲੀ ਪਾਰਕ 'ਚ ਟਹਿਲਣ ਗਏ ਪਰਮਜੀਤ ਸਿੰਘ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਨਾਲ ਸ਼ਹਿਰ ਦੇ ਸਿੱਖ ਭਾਈਚਾਰੇ 'ਚ ਰੋਸ ਹੈ।

ਇਸ ਹੱਤਿਆਕਾਂਡ ਨੂੰ ਅਮਰੀਕਾ 'ਚ ਸਿੱਖਾਂ ਖ਼ਿਲਾਫ਼ ਹੋਣ ਵਾਲੇ ਨਫ਼ਰਤੀ ਅਪਰਾਧ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ।

ਪੁਲਿਸ ਮੁਤਾਬਕ, ਸੈਨ ਜੋਕਿਨ ਕਾਊਂਟੀ ਸੁਪੀਰੀਅਰ ਕੋਰਟ 'ਚ ਐਂਥਨੀ ਖ਼ਿਲਾਫ਼ ਸਬੂਤ ਪੇਸ਼ ਕਰ ਕੇ ਉਸ ਦੀ ਗ੍ਰਿਫ਼ਤਾਰੀ ਦਾ ਵਾਰੰਟ ਹਾਸਲ ਕੀਤਾ ਗਿਆ। ਗ੍ਰਿਫ਼ਤਾਰੀ ਤੋਂ ਬਾਅਦ ਉਸ ਦੇ ਘਰ ਦੀ ਤਲਾਸ਼ੀ ਵੀ ਲਈ ਗਈ। ਹੱਤਿਆ ਦੇ ਕਾਰਨ ਦਾ ਹਾਲੇ ਪਤਾ ਨਹੀਂ ਲੱਗਾ ਹੈ। ਪੁਲਿਸ ਮਾਮਲੇ ਦੀ ਜਾਂਚ 'ਚ ਲੱਗੀ ਹੈ।

# ਬਹਾਮਾਸ 'ਚ ਭਿਆਨਕ ਤਬਾਹੀ, ਪੰਜ ਦੀ ਮੌਤ, 13000 ਘਰ ਤਬਾਹ

ਬਹਾਮਾਸ (ਬਿਊਰੋ)– ਤੂਫ਼ਾਨ ਡੋਰੀਅਨ ਨੇ ਕੈਰੇਬੀਆਈ ਦੇਸ਼ ਬਹਾਮਾਸ 'ਚ ਭਿਆਨਕ ਕਹਿਰ ਢਾਹੁਣ ਤੋਂ ਬਾਅਦ ਫਲੋਰੀਡਾ ਦਾ ਰੁਖ਼ ਕੀਤਾ ਹੈ। ਇਸ ਦੀ ਲਪੇਟ 'ਚ ਆਉਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਹੈ ਜਦਕਿ 13000 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਇਸ ਨੇ ਹੁਣ ਸ਼੍ਰੇਣੀ-5 'ਚ ਤਬਦੀਲ ਹੋ ਕੇ ਫਲੋਰੀਡਾ ਦਾ ਰੁਖ਼ ਕੀਤਾ ਹੈ। ਬਹਾਮਾਸ 'ਚ ਸੋਮਵਾਰ ਨੂੰ ਤੂਫ਼ਾਨ ਦੀ ਸਥਿਤੀ ਅਜਿਹੀ ਸੀ ਕਿ ਬਚਾਅ ਕਾਰਜਾਂ 'ਚ ਲੱਗੇ ਮੁਲਾਜ਼ਮਾਂ ਨੂੰ ਵੀ ਇੱਧਰ-ਉਧਰ ਲੁਕ ਕੇ ਖ਼ੁਦ ਦਾ ਬਚਾਅ ਕਰਨਾ ਪਿਆ।



ਤੂਫ਼ਾਨ ਕਾਰਨ ਹਵਾ 297 ਕਿਮੀ ਪ੍ਰਤੀ ਘੰਟਾ ਰਫ਼ਤਾਰ ਨਾਲ ਚੱਲ ਰਹੀ ਹੈ। ਗ੍ਰਾਂਡ ਬਹਾਮਾ ਦੇ ਮੰਤਰੀ ਕਵਾਸੀ ਥਾਮਪਸਨ ਨੇ ਦੱਸਿਆ ਕਿ ਹਾਲਾਤ ਬੇਹੱਦ ਖ਼ਰਾਬ ਹਨ। ਬਚਾਅ ਕਾਰਜ 'ਚ ਲੱਗੇ ਮੁਲਾਜ਼ਮ ਵੀ ਬੇਵੱਸ ਹਨ। ਹਾਲਾਤ ਕਾਬੂ 'ਚ ਆਉਂਦੇ ਹੀ ਬਚਾਅ ਕਾਰਜਾਂ 'ਚ ਤੇਜ਼ੀ ਆਵੇਗੀ। ਗ੍ਰਾਂਡ ਬਹਾਮਾ ਦੇ ਕਈ ਇਲਾਕਿਆਂ 'ਚ ਪਾਣੀ ਲੋਕਾਂ ਦੀਆਂ ਛੱਤਾਂ ਤਕ ਪਹੁੰਚ ਗਿਆ ਹੈ।

ਇਸੇ ਤਰ੍ਹਾਂ ਫ੍ਰੀਪੋਰਟ ਇਲਾਕੇ 'ਚ ਵੀ ਪਾਣੀ ਲੋਕਾਂ ਦੇ ਘਰਾਂ 'ਚ ਪਹੁੰਚ ਗਿਆ ਹੈ। ਸੰਸਦ ਮੈਂਬਰ ਡੇਰੇਨ ਹੇਨਫੀਲਡ ਨੇ ਕਿਹਾ ਕਿ ਬਹਾਮਾਸ ਦੇ ਇਕ ਟਾਪੂ ਅਬਾਕੋ 'ਚ ਭਿਆਨਕ ਤਬਾਹੀ ਹੋਈ ਹੈ। ਅਮਰੀਕਾ ਦੇ ਨੈਸ਼ਨਲ ਹਰੀਕੇਨ ਸੈਂਟਰ ਨੇ ਫਲੋਰੀਡਾ ਤੇ ਜਾਰਜ਼ੀਆ ਦੇ ਤੱਟੀ ਇਲਾਕਿਆਂ 'ਚ ਸਾਵਧਾਨ ਰਹਿਣ ਦੀ ਚਿਤਾਵਨੀ ਜਾਰੀ ਕੀਤੀ ਹੈ। ਮੌਸਮ ਵਿਭਾਗ ਵੱਲੋਂ ਪੇਸ਼ੀਨਗੋਈ ਕੀਤੀ ਗਈ ਹੈ ਕਿ ਤੂਫ਼ਾਨ ਤੱਟ ਤੋਂ ਦੂਰ ਰਹੇਗਾ। ਹਾਲਾਂਕਿ ਹਾਲੇ ਵੀ ਤੂਫ਼ਾਨ ਦੇ ਰਸਤੇ ਦਾ ਸਟੀਕ ਅਨੁਮਾਨ ਨਹੀਂ ਲਗਾਇਆ ਜਾ ਸਕਿਆ। ਕਿਹਾ ਗਿਆ ਹੈ ਕਿ ਤੂਫ਼ਾਨ ਦੇ ਰਸਤੇ 'ਚ ਥੋੜ੍ਹਾ ਬਦਲਾਅ ਫਲੋਰੀਡਾ 'ਚ ਕਹਿਰ ਢਾਅ ਸਕਦਾ ਹੈ।

# ਨੈਲਸਨ ਮੰਡੇਲਾ ਨੂੰ ਯਾਦ ਕਰਦਿਆਂ



ਜਦੋਂ ਕੋਈ ਸਖਸ਼ ਆਪਣੇ ਸੁਆਰਥ ਤੋਂ ਉਪਰ ਉੱਠ ਕੇ ਸਮਾਜ, ਮੁਲਕ ਲਈ ਕੁਰਬਾਨੀ ਦਿੰਦਾ ਹੈ ਤਾਂ ਉਸ ਦੇ ਪ੍ਰੇਰਨਾਮਈ ਜੀਵਨ ਨੂੰ ਦੇਖਦੇ ਹੋਏ ਵੁਸ ਦੇ ਨਾਂ ਤੇ ਕੋਈ ਦਿਵਸ ਮਨਾਇਆ ਜਾਂਦਾ ਹੈ। ਨੈਲਸਨ ਮੰਡੇਲਾ (7 ਜੁਲਾਈ 1908, 5 ਦਸੰਬਰ 2013) ਦੀ ਮਨੁੱਖੀ ਆਜ਼ਾਦੀ ਅਤੇ ਸੰਸਾਰ ਸ਼ਾਤੀ ਲਈ ਦਿੱਤੀ ਅਦੁੱਤੀ ਦੇਣ ਨੂੰ ਮੁੱਖ ਰੱਖਦੇ ਹੋਏ ਯੂ. ਐਨ. ਓ. ਨੇ 18 ਜੁਲਾਈ ਨੂੰ ਨੈਲਸਨ ਮੰਡੇਲਾ ਕੌਮਾਂਤਰੀ ਦਿਵਸ ਮਨਾਉਣਦਾ ਐਲਾਨ ਨਵੰਬਰ 2009 ਵਿਚ ਕੀਤਾ ਸੀ ਅਤੇ 18 ਜੁਲਾਈ 2010 ਨੂੰ ਪਹਿਲਾ ਨੈਲਸਨ ਮੰਡੇਲਾ ਕੌਮਾਂਤਰੀ ਦਿਵਸ ਮਨਾਇਆ ਗਿਆ ਸੀ। ਇਹ ਦਿਨ ਹੁਣ ਸਾਰੇ ਸੰਸਾਰ ਵਿਚ ਹਰ ਸਾਲ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਸਮਾਗਮ ਕੀਤੇ ਜਾਂਦੇ ਹਨ। ਨੈਲਸਨ ਮੰਡੇਲਾ ਨੇ ਨਸਲੀ ਵਿਤਕਰੇ ਖਿਲਾਫ ਜੂਝਦਿਆਂ 27ਸਾਲ ਜੇਲ੍ਹ ਕੱਟੀ। ਭਾਰਤ ਨੇ ਉਸ ਨੂੰ 1990 ਵਿਚ ਭਾਰਤ ਰਤਨ ਨਾਲ ਨਿਵਾਜਿਆ। ਦੋ ਸਾਲ ਬਾਅਦ 1992 ਵਿਚ ਪਾਕਿਸਤਾਨ ਨੇ ਨਿਸ਼ਾਨ-ਏ-ਪਾਕਿਸਤਾਨ ਦਿੱਤਾ। ਫਿਰ ਇਕ ਸਾਲ ਬਾਅਦ 1993 ਵਿਚ ਨੋਬਲ ਸ਼ਾਂਤੀ ਇਨਾਮ ਇਸ ਮਹਾਨ ਹਸਤੀ ਨੂੰ ਦਿੱਤਾ ਗਿਆ। ਉਸ ਦੀ ਸਵੈ-ਜੀਵਨੀ 'ਲੌਂ ਵਾਕ ਟੂ ਫਰੀਡਮ' ਮਹਾਨ ਰਚਨਾ ਹੈ। ਉਹ ਅਜਿਹੀ ਸ਼ਖਸੀਅਤ ਸੀ, ਜਿਸ ਨੇ ਸੰਸਾਰ ਉਤੇ ਆਪਣਾ ਪ੍ਰਭਾਵ ਛੱਡਿਆ।

*(ਧੰਨਵਾਦ ਸਹਿਤ ਪੰ. ਟ.)*

**ਪ੍ਰੋ. ਜਤਿੰਦਰ ਬੀਰ ਸਿੰਘ ਨੰਦਾ,**
**ਲੁਧਿਆਣਾ**

# ਸਿੱਖ ਏਕਤਾ ਨਾਲ ਮਨਾਇਆ ਜਾਵੇਗਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਪ੍ਰਕਾਸ਼ ਦਿਹਾੜਾ

**ਸੈਂਟਰਲ ਵੈਲੀ–** ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਪ੍ਰਕਾਸ਼ ਦਿਹਾੜਾ ਸੈਂਟਰਲ ਵੈਲੀ ਦੀ ਸੰਗਤ ਵੱਲੋਂ ਸਿੱਖ ਏਕਤਾ ਦੇ ਨਾਂ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹਨਾਂ ਪ੍ਰੋਗਰਾਮਾਂ ਤਹਿਤ 1 ਸਤੰਬਰ ਨੂੰ ਗੁਰਦੁਆਰਾ ਨਾਨਕਸਰ, ਚੈਰੀ ਐਵੇਨਿਊ ਵਿਖੇ, 8 ਸਤੰਬਰ ਨੂੰ ਗੁਰਦੁਆਰਾ ਸਾਹਿਬ ਕਲੋਵਿਸ, 15 ਸਤੰਬਰ ਨੂੰ ਗੁਰਦੁਆਰਾ ਗੁਰੂ ਰਵਿਦਾਸ ਸਭਾ ਫਰਿਜ਼ਨੋ ਵਿਖੇ, 22 ਸਤੰਬਰ ਨੂੰ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਲਿੰਕਨ ਐਵੇਨਿਊ, 29 ਸਤੰਬਰ ਨੂੰ ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ ਫਰਿਜ਼ਨੋ ਵਿਖੇ, 6 ਅਕਤੂਬਰ ਨੂੰ ਗੁਰਦੁਆਰਾ ਕਲਗੀਧਰ ਸੇਲਮਾ ਵਿਖੇ, 13 ਅਕਤੂਬਰ ਨੂੰ ਗੁਰਦੁਆਰਾ ਨਾਨਕਸਰ ਸਤਿਸੰਗ ਸਭਾ ਫਰਿਜ਼ਨੋ, 20 ਅਕਤੂਬਰ ਨੂੰ ਗੁਰਦੁਆਰਾ ਪੈਸੇਫਿਕ ਕੋਸਟ, 27 ਅਕਤੂਬਰ ਨੂੰ ਗੁਰਦੁਆਰਾ ਪਰਮੇਸ਼ਰ ਦੁਆਰ, 3 ਨਵੰਬਰ ਨੂੰ ਗੁਰਦੁਆਰਾ ਅਨੰਦਗੜ੍ਹ ਸਾਹਿਬ ਅਤੇ 10 ਨਵੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ ਵਿਖੇ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ।

ਇਹ ਜਾਣਕਾਰੀ ਸਿੱਖ ਕੌਂਸਲ ਅਤੇ ਮਾਤਾ ਗੁਜਰੀ ਗਰੁੱਪ, ਸੈਂਟਰਲ ਕੈਲੇਫੋਰਨੀਆ ਵੱਲੋਂ ਜਾਰੀ ਕੀਤੀ ਗਈ।

# ਇੰਡੋ ਯੂ ਐਸ ਹੈਰੀਏਜ਼ ਐਸੋਸੀਏਸ਼ਨ ਵੱਲੋਂ ਪਾਲ ਧਾਲੀਵਾਲ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ

**ਫਰਿਜਨੋ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ–** ਜਿੰਦਗੀ ਦੇ ਦੂਸਰੇ ਪੰਧ ਵਿੱਚ ਸਿਰਫ 44 ਸਾਲ ਦੀ ਉਮਰ ਭੋਗਕੇ ਫਰਿਜਨੋ ਨਿਵਾਸੀ ਉੱਘੇ ਰੇਡੀਓ ਹੋਸਟ ਅਤੇ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਦੇ ਮੋਢੀ ਮੈਂਬਰ ਪਾਲ ਧਾਲੀਵਾਲ ਪਿਛਲੇ ਦਿਨੀ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਸਦਾ ਲਈ ਸਾਥੋਂ ਵਿੱਛੜ ਗਏ ਸਨ.! ਲੰਘੇ ਸੁੱਕਰਵਾਰ ਉਹਨਾਂ ਦਾ ਫਿਊਨਰਲ ਸਥਾਨਿਕ ਸ਼ਾਂਤ ਭਵਨ ਫਿਊਨਰਲ ਹੋਮ ਵਿੱਚ ਹੋਇਆ ਜਿੱਥੇ ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਦੇ ਮੈਂਬਰਾਂ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਪਹੁੰਚਕੇ ਪਾਲ ਧਾਲੀਵਾਲ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ।









ਇਸ ਮੌਕੇ ਪਾਲ ਧਾਲੀਵਾਲ ਨੂੰ ਯਾਦ ਕਰਦਿਆਂ ਪੱਤਰਕਾਰ ਨੀਟਾ ਮਾਛੀਕੇ ਨੇ ਉਸਦੇ 44 ਸਾਲ ਦੇ ਜਿੰਦਗੀ ਦੇ ਸਫਰ ਤੇ ਪੰਛੀ ਝਾਤ ਪਾਉਂਦਿਆਂ ਪਾਲ ਨੂੰ ਖਿੜੇ ਮੱਥੇ ਮਿਲਣ ਵਾਲਾ, ਹਰ ਇੱਕ ਦੇ ਚਿਹਰੇ ਤੇ ਮੁਸਕਾਨ ਲਿਆਉਣ ਵਾਲਾ ਇੱਕ ਜੁੰਮੇਵਾਰ ਇਨਸਾਨ ਦੱਸਿਆ। ਰਣਜੀਤ ਗਿੱਲ ਨੇ ਪਾਲ ਨੂੰ ਯਾਦ ਕਰਦਿਆਂ ਉਸਨੂੰ ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਦਾ ਅਣਥੱਕ ਵਰਕਰ ਗਰਦਾਨਿਆਂ 'ਤੇ ਉਸਦੇ ਬੇਵਕਤ ਤੁਰ ਜਾਣ ਨਾਲ ਸੰਸਥਾ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸ ਮੌਕੇ ਗੁਰਦਵਾਰਾ ਸਿੰਘ ਸਭਾ ਦੇ ਬੁਲਾਰੇ ਸੁਖਦੇਵ ਸਿੰਘ ਸਿੱਧੂ ਨੇ ਪਾਲ ਨੂੰ ਹਰ ਇੱਕ ਦੇ ਦੁੱਖ ਸੁਖ ਦਾ ਸਾਂਝੀ ਦੱਸਦਿਆਂ ਪਾਲ ਨੂੰ ਚੰਗੇ ਬੁਲਾਰੇ ਦਾ ਖਿਤਾਬ ਦਿੱਤਾ ਅਤੇ ਉਸ ਦੁਆਰਾ ਰੇਡੀਓ ਪ੍ਰੋਗਰਾਮ 'ਮੇਰਾ ਵਸਦਾ ਰਹੇ ਪੰਜਾਬ' ਦੁਆਰਾ ਭਾਈਚਾਰੇ ਦੀ ਕੀਤੀ ਸੇਵਾ ਨੂੰ ਯਾਦ ਕੀਤਾ। ਉਹਨਾਂ ਦੇ ਵੱਡੇ ਭਾਈ ਸਾਬ੍ਹ ਡਾ. ਅਜੀਤਪਾਲ ਧਾਲੀਵਾਲ ਜਿਹੜੇ ਖ਼ਾਸ ਤੌਰ ਤੇ ਪਾਲ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਣ ਲਈ ਪੰਜਾਬ ਤੋਂ ਪਹੁੰਚੇ ਹੋਏ ਸਨ, ਨੇ ਪਾਲ ਦੇ ਤੁਰ ਜਾਣ ਨਾਲ ਪਰਿਵਾਰ ਦੇ ਨਾਲ ਨਾਲ ਭਾਈਚਾਰੇ ਨੂੰ ਵੀ ਨਾਂ ਪੂਰਾ ਹੋਣ ਵਾਲਾ ਘਾਟਾ ਦੱਸਿਆ। ਉਹਨਾਂ ਸਮੂਹ ਪੰਜਾਬੀ ਭਾਈਚਾਰੇ ਦਾ ਧਾਲੀਵਾਲ ਪਰਿਵਾਰ ਦੇ ਨਾਲ ਇਸ ਦੁੱਖ ਦੀ ਘੜੀ ਵਿੱਚ ਖੜਨ ਲਈ ਧੰਨਵਾਦ ਕੀਤਾ। ਇਸ ਮੌਕੇ ਸੈਂਕੜੇ ਲੋਕ ਪਾਲ ਨੂੰ ਆਖਰੀ ਅਲਵਿਦਾ ਕਹਿਣ ਲਈ ਪੁੱਜੇ ਹੋਏ ਸਨ। ਹਰ ਇੱਕ ਦੀਆਂ ਅੱਖਾਂ ਵਿੱਚ ਅੱਥਰੂ ਸਨ, ਧਾਲੀਵਾਲ ਪਰਿਵਾਰ ਦੇ ਨਾਲ ਨਾਲ ਸੈਂਕੜੇ ਲੋਕਾਂ ਨੇ ਪਾਲ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ। ਅੰਤਿਮ ਅਰਦਾਸ ਤੇ ਭੋਗ ਗੁਰਦਵਾਰ ਸਿੰਘ ਸਭਾ ਫਰਿਜਨੋ ਵਿਖੇ ਹੋਏ। ਇੱਥੇ ਵੀ ਵੱਡੀ ਗਿਣਤੀ ਵਿੱਚ ਲੋਕ ਪਾਲ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚੇ ਹੋਏ ਸਨ।






ਦੇਸ਼ ਦੁਆਬਾ

# ਭਾਰਤੀ ਅਰਥਚਾਰੇ ਦੀ ਸੁਸਤੀ

ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਭਾਵੇਂ ਸਿੱਧੇ ਤੌਰ 'ਤੇ ਇਹ ਮੰਨਣ ਤੋਂ ਇਨਕਾਰੀ ਹਨ ਕਿ ਅਰਥਚਾਰਾ ਸੁਸਤੀ ਦੀ ਲਪੇਟ 'ਚ ਆ ਚੁੱਕਾ ਹੈ ਪਰ ਸੱਚ ਇਹੋ ਹੈ ਕਿ ਮੰਦੀ ਨੇ ਦਸਤਕ ਦੇ ਦਿੱਤੀ ਹੈ। ਜਦੋਂ ਆਰਥਿਕ ਵਿਕਾਸ ਦਰ ਦੇ ਅੰਕੜਿਆਂ ਦੇ ਨਾਲ ਅਰਥਚਾਰੇ ਨੂੰ ਗਤੀ ਦੇਣ ਵਿਚ ਸਹਾਇਕ ਬਣਨ ਵਾਲੇ ਕਈ ਮੁੱਖ ਸੈਕਟਰ ਨਿਰਾਸ਼ਾਜਨਕ ਤਸਵੀਰ ਪੇਸ਼ ਕਰ ਰਹੇ ਹੋਣ ਉਦੋਂ ਮੰਦੀ ਦੀ ਹਕੀਕਤ ਨੂੰ ਸਵੀਕਾਰ ਕਰਨਾ ਹੀ ਸਮਝਦਾਰੀ ਹੈ। ਵੱਖ-ਵੱਖ ਸੈਕਟਰਾਂ ਦੀਆਂ ਵੱਡੀਆਂ ਕੰਪਨੀਆਂ ਵੱਲੋਂ ਲਗਾਤਾਰ ਹੋ ਰਹੇ ਘਾਟੇ ਦੀ ਤਸਵੀਰ ਨਜ਼ਰ ਕੀਤੀ ਜਾ ਰਹੀ ਹੈ। ਇਸ ਕਾਰਨ ਮੁਲਾਜ਼ਮਾਂ ਦੀ ਛਾਂਟੀ ਵੀ ਹੋਣੀ ਸ਼ੁਰੂ ਹੋ ਚੁੱਕੀ ਹੈ। ਸ਼ੇਅਰ ਮਾਰਕੀਟ ਆਪਣੇ ਪੁਰਾਣੇ ਤੇਵਰ ਨਹੀਂ ਦਿਖਾ ਰਹੀ ਹੈ। ਜੇਕਰ ਆਰਥਿਕ ਮੰਦੀ ਦਾ ਮਾਹੌਲ ਨਹੀਂ ਹੈ ਤਾਂ ਫਿਰ ਕੀ ਕਾਰਨ ਹੈ ਕਿ ਇਕੱਠਿਆਂ ਕਈ ਸੈਕਟਰਾਂ ਵਿਚ ਗਿਰਾਵਟ ਦਾ ਦੌਰ ਹੈ? ਵਿੱਤ ਮੰਤਰੀ ਮੰਦੀ ਦੇ ਪਿੱਛੇ ਦੇ ਉਨ੍ਹਾਂ ਕਾਰਨਾਂ ਨਾਲ ਅਸਹਿਮਤ ਹੋ ਸਕਦੇ ਹਨ ਜਿਹੜੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਗਿਣਾਏ ਹਨ ਪਰ ਉਹ ਇਸ ਦੀ ਅਣਦੇਖੀ ਨਹੀਂ ਕਰ ਸਕਦੇ ਕਿ ਅਰਥਚਾਰੇ ਦੀ ਰਫ਼ਤਾਰ ਮੱਠੀ ਪੈ ਰਹੀ ਹੈ। ਆਰਥਿਕਤਾ ਦੀ ਇਸ ਮੱਠੀ ਰਫ਼ਤਾਰ ਦਾ ਬਾਜ਼ਾਰ ਅਤੇ ਜਨਜੀਵਨ 'ਤੇ ਅਸਰ ਵੀ ਦਿਖਣ ਲੱਗਾ ਹੈ। ਇਸ ਅਸਰ ਨੂੰ ਵਿੱਤ ਮੰਤਰੀ ਵੀ ਮਹਿਸੂਸ ਕਰ ਰਹੇ ਹਨ। ਇਸ ਦਾ ਸਬੂਤ ਉਨ੍ਹਾਂ ਦਾ ਇਹ ਕਥਨ ਹੈ ਕਿ ਉਹ ਉਦਯੋਗ ਜਗਤ ਦੇ ਪ੍ਰਤੀਨਿਧੀਆਂ ਨੂੰ ਮਿਲ ਰਹੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਜਾ ਰਹੀਆਂ ਹਨ। ਇਸ ਗਿਰਾਵਟ ਦੇ ਸਿਲਸਿਲੇ ਤੋਂ ਜਲਦੀ ਨਿਕਲਣ ਲਈ ਜਿਹੜੇ ਵੀ ਕਦਮ ਚੁੱਕੇ ਜਾ ਰਹੇ ਹਨ ਉਨ੍ਹਾਂ ਦਾ ਜ਼ਮੀਨੀ ਪੱਧਰ 'ਤੇ ਕੀ ਅਸਰ ਹੋ ਰਿਹਾ ਹੈ, ਇਸ ਦੀ ਲਗਾਤਾਰ ਨਿਗਰਾਨੀ ਵੀ ਜ਼ਰੂਰੀ ਹੈ। ਵਿੱਤ ਮੰਤਰੀ ਵੱਲੋਂ ਆਰਥਿਕ ਮਾਹੌਲ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਹਾਲ ਹੀ ਵਿਚ ਕਈ ਕਦਮ ਚੁੱਕੇ ਗਏ ਹਨ ਅਤੇ ਉਨ੍ਹਾਂ ਵੱਲੋਂ ਇਹ ਸੰਕੇਤ ਦਿੱਤੇ ਗਏ ਹਨ ਕਿ ਅਜਿਹੇ ਹੀ ਕਦਮ ਅੱਗੋਂ ਵੀ ਚੁੱਕੇ ਜਾਣਗੇ। ਬਿਹਤਰ ਹੋਵੇਗਾ ਕਿ ਇਹ ਕਦਮ ਅਜਿਹੇ ਹੋਣ ਜਿਨ੍ਹਾਂ ਸਹਾਰੇ ਉਦਯੋਗ ਜਗਤ ਕਿਤੇ ਵੱਧ ਸਮਰੱਥ ਅਤੇ ਮੁਕਾਬਲੇਬਾਜ਼ੀ ਵਾਲਾ ਬਣ ਸਕੇ। ਬਿਨਾਂ ਸ਼ੱਕ ਇਸ ਵਾਸਤੇ ਉਦਯੋਗ ਜਗਤ ਨੂੰ ਖ਼ੁਦ ਵੀ ਸਰਗਰਮ ਹੋਣਾ ਪਵੇਗਾ। ਜਿੱਥੇ ਉਸ ਨੂੰ ਆਪਣੇ ਬਲਬੂਤੇ ਅੱਗੇ ਵਧਣ ਦੀ ਸਮਰੱਥਾ ਹਾਸਲ ਕਰਨੀ ਹੋਵੇਗੀ, ਉੱਥੇ ਹੀ ਸਰਕਾਰ ਨੂੰ ਵੀ ਇਹ ਦੇਖਣਾ ਹੋਵੇਗਾ ਕਿ ਇਸ ਲਈ ਸਾਜ਼ਗਾਰ ਮਾਹੌਲ ਕਿਵੇਂ ਬਣੇ?

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-115

## ਗੁਰੂ ਲਫਜ਼ ਦੀ ਵਿਆਖਿਆ ਤੇ ਬਾਬੇ ਨਾਨਕ ਦਾ ਧਰਮ ਗੁਰੂ ਕੌਣ ਸੀ?



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਸ਼ਬਦ ਗੁਰੂ, ਸੁਰਤਿ ਅਤੇ ਗਿਆਨ ਬਾਰੇ ਜਾਨਣਾ ਹੋਵੇਗਾ। ਜਿਵੇਂ ਗੁਰੂ ਵੱਡੇ, ਅਧਿਆਪਕ, ਸਿਖਿਆਦਾਤੇ ਨੂੰ ਵੀ ਕਿਹਾ ਜਾਂਦੈ ਜੋ ਕਿਸੇ ਵੀ ਕੰਮ ਜਾਂ ਗਿਆਨ ਦਾ ਗੁਰ ਦੱਸੇ ਉਹ ਦੁਨਿਆਵੀ ਗੁਰੂ ਹੁੰਦਾ ਹੈ। ਬਾਬੇ ਨਾਨਕ ਨੇ ਵੀ ਦੁਨਿਆਵੀ ਵਿਦਿਆ ਹਾਸਲ ਕਰਨ ਵਾਸਤੇ ਪੰਜਾਬੀ ਮਦਰਸੇ ਪਾਠਸ਼ਾਲਾ ਆਦਿ ਤੋਂ, ਅਰਬੀ-ਫਾਰਸੀ ਮੁਸਲਿਮ ਮੌਲਵੀ ਤੇ ਹਿੰਦੀ-ਸੰਸਕ੍ਰਿਤ ਹਿੰਦੂ ਪੰਡਿਤ ਕੋਲੋਂ ਤੇ ਹੋਰ ਭਾਸ਼ਾਵਾਂ ਹੋਰ ਵਿਦਵਾਨਾਂ ਅਤੇ ਸਾਧੂ ਭੇਖ ਦੇ ਰਮਤਾ ਪ੍ਰਚਾਰਕਾਂ ਤੋਂ ਸਿਖੀਆਂ। ਇਹ ਸਭ ਬਾਬੇ ਨਾਨਕ ਦੇ ਦੁਨਿਆਵੀ ਟੀਚਰ, ਅਧਿਆਪਕ, ਗੁਰੂ ਜਾਂ ਵਿਦਿਆ ਉਸਤਾਦ ਸਨ। ਫਿਰ ਸਵਾਲ ਖੜਾ ਹੁੰਦਾ ਹੈ ਕਿ ਉਨ੍ਹਾਂ ਦਾ ਧਰਮ ਗੁਰੂ ਕੌਣ ਸੀ? ਅੱਜ ਆਮ ਸਿੱਖਾਂ ਨੂੰ ਭੁਲੇਖੇ 'ਚ ਪਾ ਕੇ ਦੁਬਿਧਾ ਖੜ੍ਹੀ ਕਰਨ ਲਈ ਦੇਹਧਾਰੀਆਂ ਦੇ ਚੇਲੇ ਸਿੱਖਾਂ ਨੂੰ ਇਹ ਸਵਾਲ ਆਮ ਹੀ ਪੁਛਦੇ ਰਹਿੰਦੇ ਹਨ ਕਿ ਗੁਰੂ ਨਾਨਕ ਦਾ ਗੁਰੂ ਕੌਣ ਸੀ? ਬਾਬੇ ਨਾਨਕ ਨੇ ਕਿਤੇ ਵੀ ਆਪਣੀ ਬਾਣੀ 'ਚ ਆਪਣੇ ਆਪ ਨੂੰ "ਗੁਰੂ" ਨਹੀਂ ਲਿਖਿਆ ਸਗੋਂ ਆਖ ਰਹੇ ਹਨ-ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਪਰ ਕਿਤੇ ਵੀ ਇਹ ਨਹੀਂ ਲਿਖਿਆ ਕਿ ਫਲਾਨਾਂ ਸ਼ਬਦ ਹੀ "ਗੁਰੂ" ਹੈ। ਇੱਕ ਥਾਂ ਲਿਖ ਰਹੇ ਹਨ-ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ਫਿਰ ਬਾਬਾ ਨਾਨਕ ਜੀ ਕਿਸ ਨੂੰ ਆਪਣਾ ਧਰਮ ਗੁਰੂ ਮੰਨਦੇ ਹਨ?

"ਕਾਫੀ ਸਮਾਂ ਪਹਿਲਾਂ ਸਪੋਕਸਮੈਨ 'ਚ ਸ੍ਰ. ਗੁਰਬਖ਼ਸ਼ ਸਿੰਘ ਲੁਧਿਆਣਾ ਨੇ ਲਿਖਿਆ ਕਿ ਗੁਰੂ ਗ੍ਰੰਥ ਅੰਦਰ ਲਗਭਗ 58000 ਸ਼ਬਦ ਨੇ ਪਰ ਇਹ ਸ਼ਬਦ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪਹਿਲਾਂ ਨਹੀਂ ਸਨ, ਉਦੋਂ ਬਾਬੇ ਨਾਨਕ ਨੇ ਕਿਹੜੇ "ਸ਼ਬਦ" ਨੂੰ "ਗੁਰੂ" ਕਿਹਾ ਸੀ? ਜਿਸ ਵਿੱਚੋਂ ਸਾਰੀ ਦੁਨੀਆਂ ਦੇ ਫ਼ਲਸਫ਼ੇ, ਸ੍ਰਿਸ਼ਟੀ, ਗਿਆਨ, ਆਕਾਰ, ਜੀਵ-ਜੰਤੂ, ਮੌਤ-ਜੀਵਨ ਆਦਿ ਨਿਕਲੇ ਤੇ ਉਹ ਕੇਵਲ ਅਕਾਲ ਪੁਰਖ ਦਾ ਹੀ ਉਚਾਰਿਆ ਹੋਇਆ ਸ਼ਬਦ ਹੈ ਜਿਸ ਨੂੰ ਮਨੁੱਖੀ ਭਾਸ਼ਾ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਬਾਬੇ ਨਾਨਕ ਨੇ ਜਿਸ ਨੂੰ "ਗੁਰੂ" ਆਖਿਆ, ਉਸ ਦੇ ਅਰਥਾਂ ਬਾਰੇ ਤਾਂ ਮਨੁੱਖ ਅੰਦਾਜ਼ਾ ਹੀ ਲਾ ਸਕਦਾ ਕਿਉਂਕਿ ਉਸ ਵਿਚੋਂ ਤਾਂ ਸਾਰੀ ਸ੍ਰਿਸ਼ਟੀ ਤੇ ਇਸ ਦਾ ਸਮੁੱਚਾ ਗਿਆਨ ਨਿਕਲਿਆ, ਇਸੇ ਲਈ ਉਹ ਸਾਡਾ ਗੁਰੂ ਹੈ" ਕੀ ਫਿਰ ਸਮੁੱਚੇ "ਸ਼ਬਦ ਗੁਰੂ ਗ੍ਰੰਥ" ਵਿਖੇ ਦਰਜ ਸਮੁੱਚੀ ਬਾਣੀ ਸਿੱਖਾਂ ਦਾ ਗੁਰੂ ਨਹੀਂ? ਇਹ ਕਹਿਣਾ ਕਿ ਜਿਸ "ਸ਼ਬਦ" ਨੂੰ ਬਾਬੇ ਨਾਨਕ ਨੇ ਆਪਣਾ ਗੁਰੂ ਕਿਹਾ ਸੀ ਉਹ "ਸ਼ਬਦ" ਗੁਰੂ ਗ੍ਰੰਥ" 'ਚ ਦਰਜ ਹੀ ਨਹੀਂ। ਇਸ ਦਾ ਭਾਵ ਇਹ ਨਿਕਲੇਗਾ ਕਿ "ਸ਼ਬਦ ਗੁਰੂ ਗ੍ਰੰਥ" ਅਧੂਰਾ ਤੇ ਅਸੀਂ ਐਵੇਂ ਹੀ ਗੁਰੂ ਮੰਨੀ ਜਾ ਰਹੇ ਹਾਂ ਜਦ ਕਿ ਅਸਲੀ "ਸ਼ਬਦ" ਜਿਹੜਾ ਬਾਬੇ ਨਾਨਕ ਅਤੇ ਗੁਰਸਿੱਖਾਂ ਦਾ ਗੁਰੂ ਹੈ ਉਹ ਤਾਂ ਇਸ ਵਿੱਚ ਦਰਜ਼ ਹੀ ਨਹੀਂ ਅਤੇ ਉਸ ਦੀ ਭਾਲ ਸਾਨੂੰ "ਸ਼ਬਦ ਗੁਰੂ ਗ੍ਰੰਥ" ਤੋਂ ਬਾਹਰੋਂ ਕਰਨੀ ਪਏਗੀ! ਇਸ ਲਈ ਇਹ ਪ੍ਰਚਾਰ ਸ਼ਬਦ ਗੁਰੂ ਗ੍ਰੰਥ ਤੋਂ ਸਿੱਖਾਂ ਦਾ, ਵਿਸ਼ਵਾਸ ਉਠਾਏਗਾ। ਐਸਾ ਪ੍ਰਚਾਰ ਕਿਸੇ ਸਿੱਖ ਵਿਰੋਧੀ ਦਾ ਹੀ ਹੋ ਸਕਦੈ ਜਿਸ ਨੂੰ ਪਛਾਨਣ ਅਤੇ ਸਿੱਖ ਸੰਗਤਾਂ ਨੂੰ ਦੱਸਣ ਦੀ ਅਤਿਅੰਤ ਲੋੜ ਹੈ। "ਸਬਦੁ ਗੁਰੂ" ਦੇ ਅਰਥ ਸਮਝਣ ਲਈ ਗੁਰਬਾਣੀ 'ਚੋਂ ਅਰਥ ਵਿਚਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮਹਾਨ ਕੋਸ਼ ਵਿੱਚ "ਸਬਦ" ਦੇ ਅਰਥ ਇਹ ਲਿਖੇ ਹਨ- ੧. ਧੁਨਿ, ਆਵਾਜ਼, ਸੁਰ ੨. ਪਦ, ਲਫਜ਼ ੩. ਗੁਫ਼ਤਗੂ (ਸਬਦੌ ਹੀ ਭਗਤ ਜਾਪਦੇ ਜਿਨੁ ਕੀ ਬਾਣੀ ਸਚੀ ਹੋਇ॥ (ਆਸਾ ਮ: ੩) ੪. ਗੁਰ ਉਪਦੇਸ਼ (ਭਵਜਲ, ਬਿਨ ਸਬਦੇ ਕਿਉ ਤਰੀਐ? (ਭੈਰਉ ਮ: ੧) ੫. ਬ੍ਰਹਮ, ਕਰਤਾਰ (ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਸਿਧ ਗੋਸਟਿ) ੬. ਧਰਮ, ਮਜ਼ਹਬ (ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ॥ (ਵਾਰ ਆਸਾ) ੭. ਪੈਗ਼ਾਮ, ਸੁਨੇਹਾ (ਧਨ ਵਾਂਡੀ ਪਿਰ ਦੇਸ ਨਿਵਾਸੀ ਸਚੇ ਗੁਰੂ ਪਹਿ ਸਬਦ ਪਠਾਈ॥ (ਮਲਾਰ ਮ: ੧) ੮. ਜੈਸੇ ਤੁਕਾ ਰਾਮ, ਨਾਮਦੇਵ ਆਦਿਕ ਭਗਤਾਂ ਦੀ ਰਚਨਾ "ਅਭੰਗ" ਸੂਰ ਦਾਸ ਆਦਿਕ ਦੇ "ਵਿਸਨੁਪਦ" ਪ੍ਰਸਿਧ ਹੈ ਤੈਸੇ ਹੀ ਗੁਰੂ ਗ੍ਰੰਥ ਸਾਹਿਬ ਦੇ ਛੰਦ ਰੂਪ ਵਾਕਯ "ਸਬਦ" ਆਖੀਦੇ ਹਨ। ੯. ਧਰਮਜੀਵਨ (ਘੜੀਐ ਸਬਦੁ ਸਚੀ ਟਕਸਾਲ-ਜਪੁਜੀ) ਸੱਚੀ ਟਕਸਾਲ ਦਾ ਧਰ-ਮਜੀਵਨ ਇਉਂ ਘੜਿਆ ਜਾਂਦਾ ਹੈ। ੧੦. ਸ਼ਬਦ ਦਾ ਮਕਸਦ (ਨ ਸਬਦ ਬੂਝੈ ਨ ਜਾਣੈ ਬਾਣੀ॥ ਧਨਾਸਰੀ ਮ:੩)

ਭਾਈ ਸਾਹਿਬ ਮਹਾਨ ਕੋਸ਼ 'ਚ "ਗੁਰ" ਦੇ ਅਰਥ ਕਰਦੇ ਹਨ ਕਿ ਇਹ ਸ਼ਬਦ 'ਗ੍ਰੀ' ਧਾਤੂ ਤੋਂ ਬਣਿਆ ਤੇ ਅਰਥ ਨੇ ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਤੇ ਸਿੱਖ ਨੂੰ ਤੱਤ ਗਿਆਨ ਸਮਝਾਉਂਦਾ ਹੈ। "ਸ਼ਬਦ ਗੁਰੂ ਗ੍ਰੰਥ" 'ਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇੱਕ ਹੀ ਅਰਥ ਵਿੱਚ ਆਏ ਨੇ ਯਥਾਗੁਰ ਅਪਨੇ ਬਲਿਹਾਰੀ॥ (ਸੋਰਠ ਮ: ੫) ਸੁਖਸਾਗਰ ਗੁਰੁ ਪਾਇਆ॥ (ਸੋਰਠ ਮ: ੫) ਆਪਣਾ ਗੁਰੂ ਧਿਆਏ (ਸੋਰਠ ਮ: ੫) ਉਹ ਗੁਰੂ ਦੇ ਹੋਰ ਅਰਥ ਵੀ ਲਿਖਦੇ ਹਨ ੧. ਧਰਮ-ਉਪਦੇਸ਼ਕ, ਧਾਰਮਿਕ ਸਿੱਖਿਆ ਦੇਣ ਵਾਲਾ ਆਚਾਰਯ। ੨. ਮਤ ਦਾ ਆਚਾਰਯ, ਕਿਸੇ ਮਤ ਦਾ ਚਲਾਉਣ ਵਾਲਾ-ਛਿਅ ਘਰ, ਛਿਅ ਗੁਰ ਛਿਅ ਉਪਦੇਸ॥ (ਸੋਹਿਲਾ)ਪਤਿ, ਭਰਤਾ (ਸੋਭਾਵੰਤੀ ਸੋਹਾਗਣੀ ਜਿਨਿ ਗੁਰ ਕਾ ਹੇਤ ਅਪਾਰੁ-ਸ੍ਰੀ ਰਾਗੁ ਮ: ੩) ੩. ਅੰਤਹਕਰਣ, ਮਨ-ਕੁੰਭੈ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ॥ ਗਿਆਨ ਕਾ ਬਧਾ ਮਨੁ ਰਹੈ, ਗੁਰ (ਮਨ) ਬਿਨੁ ਗਿਆਨੁ ਨ ਹੋਇ॥ (ਵਾਰ ਆਸਾ) ੪. ਵੱਡਾ,&;ਪ੍ਰਧਾਨ-ਕਉਨ ਨਾਮ ਗੁਰ, ਜਾ ਕੈ ਸਿਮਰੈ, ਭਵਸਾਗਰ ਕਉ ਤਰਈ (ਸੋਰਠ ਮ: ੯)

ਧਰਮ ਗੁਰੂ ਬਾਰੇ ਬਾਬਾ ਨਾਨਕ ਜੀ ਆਪਣੀ ਬਾਣੀ 'ਚ ਖੁਦ ਲਿਖਦੇ ਹਨ-ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (ਮ:੧-੫੯੯) ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥ (ਮ:੧-੧੦੪੩) ਗੁਰੂ ਰਾਮਦਾਸ ਜੀ ਵੀ ਇਹੋ ਗੱਲ ਆਖਦੇ ਨੇ ਕਿ ਉਨ੍ਹਾਂ ਦਾ ਗੁਰੂ ਸਦਾ ਥਿਰ ਰਹਿਣ ਵਾਲਾ ਅਬਿਨਾਸ਼ੀ ਪੁਰਖ ਜੋ ਸਭਨਾਂ ਵਿੱਚ ਸਮਾ ਰਿਹਾ ਅਤੇ ਜੋ ਨਾ ਕਿਤੇ ਜਾਂਦਾ ਤੇ ਨਾ ਹੀ ਕਿਤੋਂ ਆਉਂਦਾ ਹਰ ਸਮੇਂ ਸਰਬ ਵਿਆਪਕ ਹੈ-ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ ੧੩॥(ਮ:੪-੭੫੮)

"ਸ਼ਬਦ ਗੁਰੂ ਗ੍ਰੰਥ" 'ਚ ਸਬਦ, ;ਹੁਕਮ, ੧ਓ, ਨਿਰੰਕਾਰ, ਕਰਤਾਰ,&;ਪਾਰ-ਬ੍ਰਹਮ ਅਤੇ ਪਰਮੇਸ਼ਰ ਆਦਿਕ ਸਾਰੇ ਸ਼ਬਦਾਂ ਨੂੰ ਹੀ ਸ੍ਰਿਸ਼ਟੀ ਦੇ ਸਾਜਨਹਾਰੇ ਦੱਸਿਆ ਗਿਐ ਜਿਸ ਦਾ ਭਾਵ ਕਿ ਇਨ੍ਹਾਂ 'ਚ ਕੋਈ ਭੇਦ ਨਹੀਂ ਇਹ ਸਾਰੇ ਇੱਕ ਹਸਤੀ ਦੇ ਹੀ ਵੱਖ ਵੱਖ ਨਾਮ ਹਨ। ਯਥਾ-ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥ (ਮ:੩-੧੧੭) ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ (ਜਪੁਜੀ) ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥ ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥(ਮ:੧-੯੨੯) ਨਿਰੰਕਾਰਿ ਆਕਾਰੁ ਉਪਾਇਆ॥(ਮ:੩-੧੦੬੬) ਹਰਿ ਜੀਉ ਤੂੰ ਕਰਤਾ ਕਰਤਾਰੁ॥ (ਮ:੧-੫੪) ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ॥ (ਮ:੫-੨੪੮)

ਇਸ ਸਮੁੱਚੀ ਵੀਚਾਰ ਦਾ ਸਿੱਟਾ ਇਹ ਨਿਕਲਿਆ ਕਿ ਜਿਸ ਸਮੇਂ ਬਾਬਾ ਨਾਨਕ "ਸਬਦੁ" ਨੂੰ "ਗੁਰੂ" ਕਹਿੰਦੇ ਹਨ ਤਾਂ ਉਨ੍ਹਾਂ ਦਾ ਭਾਵ ਕਿਸੇ ਦੋ, ਤਿੰਨ ਜਾਂ ਇਸ ਤੋਂ ਵੱਧ ਅੱਖਰਾਂ ਦੇ ਜੋੜ ਤੋਂ ਬਣੇ ਕਿਸੇ ਇੱਕ ਸ਼ਬਦ ਤੋਂ ਨਹੀਂ ਬਲਕਿ ਕਰਤਾਰ ਅਤੇ ਉਸ ਦੇ ਸਮੁੱਚੇ ਗਿਆਨ ਅਤੇ ਉਸ ਰਾਹੀਂ ਮਿਲੇ ਉਪਦੇਸ਼ ਤੋਂ ਹੈ। ਕਰਤਾਰ ਦਾ ਸਮੁੱਚਾ ਗਿਆਨ ਅਤੇ ਉਪਦੇਸ਼ ਕਦੀ ਵੀ ਇੱਕ ਸ਼ਬਦ ਜਾਂ ਇੱਕ ਵਾਕ ਰਾਹੀਂ ਪੂਰੀ ਤਰ੍ਹਾਂ ਸਮਝਾਇਆ ਨਹੀਂ ਜਾ ਸਕਦਾ ਜਿਵੇਂ ਕਬੀਰ ਜੀ ਦਰਸਾਂਦੇ ਨੇ ਕਿ ਜੇ ਮੈਂ ਸਾਰੀ ਹੀ ਧਰਤੀ ਨੂੰ ਕਾਗਜ਼ ਬਣਾ ਲਵਾਂ, ਸਾਰੀ ਬਨਸਪਤੀ ਦੀਆਂ ਕਲਮਾਂ ਘੜ ਲਵਾਂ ਅਤੇ ਸਾਰੇ ਹੀ ਸਮੁੰਦਰ ਦੀ ਸਿਆਹੀ ਬਣ ਲਵਾਂ ਤਾਂ ਵੀ ਉਸ ਬਾਰੇ ਪੂਰਨ ਤੌਰ ਤੇ ਨਹੀਂ ਲਿਖ ਸਕਦਾ-ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥੯੧॥(੧੩੬੮) ਬੇਸ਼ੱਕ ਅੱਖਰਾਂ ਨਾਲ ਕਰਤਾਰ ਦਾ ਪੂਰਾ ਵਰਨਣ ਨਹੀਂ ਹੋ ਸਕਦਾ ਪਰ ਲੋਕਾਈ ਨੂੰ ਸਮਝਾਉਣ ਲਈ ਕੋਈ ਅੱਖਰ ਤਾਂ ਵਰਤੇ ਹੀ ਜਾਣੇ ਸਨ। ਇਸ ਲਈ ਇਨ੍ਹਾਂ ਅੱਖਰਾਂ ਦੀ ਵਰਤੋਂ ਕਰ ਕੇ ਗੁਰੂ ਅਤੇ ਭਗਤ ਸਾਹਿਬਾਨਾਂ ਨੇ ਕਰਤਾਰ ਅਤੇ ਸ਼ਬਦ ਗੁਰੂ ਦੀ ਸੋਝੀ ਦੇਣ ਲਈ "ਸ਼ਬਦ ਰੂਪ ਬਾਣੀ" ਨੂੰ ਲੋਕਾਈ ਲਈ ਕਲਮਬੰਦ ਕੀਤਾ।

ਪੰਚਮ ਪਾਤਸ਼ਾਹ ਨੇ "ਸ਼ਬਦ ਗੁਰੂ ਗ੍ਰੰਥ" ਦੀ ਬੀੜ ਦੀ ਤਰਤੀਬ-ਬਧ ਸੰਪਾਦਨਾ ਕਰਕੇ,&;ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ। ਇਸ ਵਿੱਚ ਦਰਜ ਸਮੁੱਚੀ ਬਾਣੀ ਹੀ ਮਨੁੱਖਤਾ ਦੀ ਗੁਰੂ ਹੈ-ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥ (ਮ: ੪-੯੮੨) ਪ੍ਰੋ. ਸਾਹਿਬ ਸਿੰਘ ਨੇ ਇਸ ਦੇ ਅਰਥ ਇਸ ਤਰ੍ਹਾਂ ਕੀਤੇ ਹਨ-ਹੇ ਭਾਈ! ਗੁਰੂ ਦੀ ਬਾਣੀ ਸਿੱਖ ਦਾ ਗੁਰੂ ਅਤੇ ਗੁਰੂ ਬਾਣੀ 'ਚ ਮੌਜੂਦ ਹੈ। ਗੁਰਬਾਣੀ 'ਚ ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ (ਰੱਬੀ ਨਿਯਮ) ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ 'ਚ ਸਾਂਭ ਰੱਖਦਾ ਹੈ। ਗੁਰੂ, ਬਾਣੀ ਉਚਾਰਦੈ, ਸੇਵਕ ਉਸ ਨੂੰ ਮੰਨਦਾ ਤੇ ਗੁਰੂ ਉਸ ਸਿੱਖ ਨੂੰ ਯਕੀਨੀ ਤੌਰ 'ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ-ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ॥ ੫॥ (ਮ: ੪-੧੩੦੯) ਉਸ ਦਾ ਸਰੀਰ ਨਹੀਂ ਬਲਕਿ ਉਸ ਦਾ ਦਿੱਤਾ ਹੋਇਆ ਬਚਨ (ਉਪਦੇਸ਼) ਹੀ ਸਤਿਗੁਰੂ ਹੈ ਜੋ ਮਨੁੱਖ ਨੂੰ ਵਿਕਾਰਾਂ ਤੋਂ ਖ਼ਲਾਸੀ ਦਾ ਸਿੱਧਾ ਰਸਤਾ ਦਰਸਾਂਦਾ ਹੈ। ਸਮੁੱਚੀ ਬਾਣੀ 'ਚ ਕਿਤੇ ਨਹੀਂ ਲਿਖਿਆ ਕਿ ਕੇਵਲ ਇੱਕ 'ਸ਼ਬਦ' ਜਿਹੜਾ ਰੱਬ ਨੇ ਸ੍ਰਿਸ਼ਟੀ ਦੀ ਰਚਨਾ ਕਰਨ ਵੇਲੇ ਉਚਾਰਨ ਕੀਤਾ ਨੂੰ ਮਨੁੱਖੀ ਭਾਸ਼ਾ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਜਿਸ ਦੇ ਅਰਥਾਂ ਬਾਰੇ ਮਨੁੱਖ ਅੰਦਾਜ਼ਾ ਨਹੀਂ ਲਾ ਸਕਦਾ ਉਹੀ ਬਾਬੇ ਨਾਨਕ ਦਾ "ਧਰਮ ਗੁਰੂ" ਹੈ। ਦੇਖੋ! ਜੇ ਅਸੀਂ ਆਪਣੀ ਮਾਤ ਭਾਸ਼ਾ ਵਿੱਚ ਲਿਖੀ ਗੁਰਬਾਣੀ ਤੋਂ ਸੇਧ ਲੈਂਦੇ ਆਪਣੇ ਜੀਵਨ ਦਾ ਕੋਈ ਸੁਧਾਰ ਨਹੀਂ ਕਰ ਸਕਦੇ ਤਾਂ ਉਸ ਗੈਬੀ 'ਸ਼ਬਦ' ਤੋਂ ਸਾਡੇ ਵਰਗੇ ਆਮ ਲੋਕ ਕੀ ਸੇਧ ਲੈਣਗੇ?

ਫਿਰ "ਸ਼ਬਦ ਗੁਰੂ ਗ੍ਰੰਥ" ਅਨੁਸਾਰ "ਗੁਰੂ" ਜਾਂ "ਸਤਿਗੁਰੂ" ਕਿਸ ਨੂੰ ਕਿਹਾ ਗਿਆ ਹੈ-ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੁ ਕਹੀਐ॥ ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥ (੧੬੮) ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥ ਤਿਸ ਕੈ ਸੰਗਿ ਸਿਖ ਉਧਰੈ ਨਾਨਕ ਹਰਿ ਗੁਣ ਗਾਉ॥(੨੮੬) ਸਤਿਗੁਰੁ ਅੰਦਰਹੁ ਨਿਰਵੈਰੁ ਹੈ, ਸਭੁ ਦੇਖੈ ਬ੍ਰਹਮੁ ਇਕੁ ਸੋਇ॥...ਸਤਿਗੁਰੁ ਸਭਨਾ ਦਾ ਭਲਾ ਮਨਾਇਦਾ,&;ਤਿਸ ਦਾ ਬੁਰਾ ਕਿਉ ਹੋਇ॥ (੩੦੨) ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ, ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥ (੫੯੪) ਸਤਿਗੁਰੁ ਨਿਰਵੈਰੁ, ਪੁਤ੍ਰ ਸਤ੍ਰ ਸਮਾਨੇ, ਅਉਗਣ ਕਟੇ ਕਰੇ ਸੁਧੁ ਦੇਹਾ॥ (੯੬੦) 'ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ, ਹਰਿ ਹਰਿ ਕਥਾ ਸੁਣਾਵੈ॥(੧੨੬੪)

ਕੀ "ਸ਼ਬਦ ਗੁਰੂ ਗ੍ਰੰਥ" ਦੇ ਉਪ੍ਰੋਕਤ ਪ੍ਰਮਾਣਾਂ ਦੀ ਕਸਵੱਟੀ 'ਤੇ ਜੇ ਬਾਬੇ ਨਾਨਕ ਦੀ ਵੀਚਾਰਧਾਰਾ ਦਾ ਪ੍ਰਚਾਰ ਕਰਨ ਵਾਲੇ ਬਾਕੀ ਨੌਂ ਜਾਂਨਸ਼ੀਨ ਪਾਤਸ਼ਾਹਾਂ ਦੇ ਸਰੀਰ 'ਚ "ਸ਼ਬਦ ਗੁਰੂ" ਨਿਵਾਸ ਨਹੀਂ ਸੀ ਕਰਦਾ? ਕੀ ਹੁਣ ਉਹ "ਸ਼ਬਦ" ਗੁਰੂ ਗ੍ਰੰਥ ਵਿਖੇ ਗਿਆਨ ਸਿਧਾਂਤ ਰੂਪ 'ਚ ਨਹੀਂ ਹੈ? ਕੀ ਰੱਬੀ ਭਗਤਾਂ ਤੇ ਸਿੱਖ ਗੁਰੂ ਸਹਿਬਾਨਾਂ ਉਸ "ਸ਼ਬਦ" ਦੀ ਗੱਲ ਜਾਂ ਵਿਆਖਿਆ ਆਪਣੀ ਬਾਣੀ 'ਚ ਨਹੀਂ ਕੀਤੀ? ਲਗਦਾ ਉਸ "ਸ਼ਬਦ" ਨੂੰ "ਸ਼ਬਦ ਗੁਰੂ ਗ੍ਰੰਥ" ਤੇ ਸਮੁੱਚੀ ਮਾਨਵਤਾ ਤੋਂ ਬਾਹਰ ਮੰਨਣ ਵਾਲੇ ਵਿਦਵਾਨ ਆਪ ਔਝੜੇ ਪੈਏ ਅਤੇ ਆਪਣੇ ਪਿਛਲੱਗਾਂ ਨੂੰ ਵੀ ਪਾਉਣਗੇ!

ਭਾਈ ਨੰਦ ਲਾਲ ਜੀ 'ਰਹਿਤਨਾਮਾ ਪ੍ਰਸ਼ਨ ਉੱਤਰ ਵਿੱਚ ਗੁਰੂ ਦੇ ਤਿੰਨ ਰੂਪਾਂ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ-ਤੀਨ ਰੂਪ ਹੈਂ ਮੋਹ ਕੇ ਸੁਨਹੁ ਨੰਦ ਚਿੱਤ ਲਾਇ॥ ਨਿਰਗੁਣ ਸਰਗੁਣ ਗੁਰ ਸ਼ਬਦ ਕਹਹੁ ਤੋਹਿ ਸਮਝਾਇ॥੬॥ ਭਾਵ ਪ੍ਰਸ਼ਨ ਉੱਤਰ ਵਿੱਚ ਗੁਰੂ ਸਾਹਿਬ ਭਾਈ ਨੰਦ ਲਾਲ ਜੀ ਨੂੰ ਸਮਝਾ ਰਹੇ ਨੇ ਕਿ ਗੁਰੂ ਦੇ ਤਿੰਨ ਰੂਪ ਹਨ-ਨਿਰਗੁਣ ਸਰੂਪ-ਤ੍ਰਿਗੁਣਾਤੀਤ ਸਰਬ ਵਿਆਪੀ ਪਰਬ੍ਰਹਮ ੨. ਸਰੁਗਣ ਸਰੂਪ-ਨਾਨਕ ਜੋਤਿ ਗੁਰੂ ੩. ਸ਼ਬਦ ਗੁਰੂ-"ਸ਼ਬਦ ਗੁਰੂ ਗ੍ਰੰਥ"। ਗੁਰਬਾਣੀ ਦੀ ਕਿਸੇ ਇੱਕ ਤੁਕ ਜਾਂ ਇੱਕ ਸ਼ਬਦ ਦੇ ਅਰਥ ਕਰਨ ਲੱਗਿਆਂ "ਸ਼ਬਦ ਗੁਰੂ ਗ੍ਰੰਥ" ਦੇ ਸਮੁੱਚੇ ਫ਼ਲਸਫ਼ੇ ਨੂੰ ਧਿਆਨ 'ਚ ਰੱਖਣਾ ਅਤੀ ਜਰੂਰੀ ਹੈ। ਸਮੁੱਚੇ ਫ਼ਲਸਫ਼ੇ ਨੂੰ ਧਿਆਨ 'ਚ ਰੱਖੇ ਬਿਨਾਂ ਸ਼ਬਦਾਂ ਦੇ ਕੇਵਲ ਅੱਖਰੀ ਅਰਥ ਕਰਨ ਵਾਲੇ ਪਹਿਲਾਂ ਹੀ ਨਾਨਕ ਵੀਚਾਰਧਾਰਾ ਦਾ ਬਹੁਤ ਵੱਡਾ ਨੁਕਸਾਨ ਕਰ ਰਹੇ ਹਨ। ਜੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਜਾਗ੍ਰਿਤ ਸਮਝੇ ਜਾ ਰਹੇ ਵਿਦਵਾਨ ਵੀ ਉਹੀ ਅਰਥ ਕਰਨ ਲੱਗ ਪਏ ਤਾਂ ਕੌਮ ਹੋਰ ਓਜੜੇ ਪੈ ਜਾਵੇਗੀ। ਜੇ ਕਰ ਸੁਰਤਿ (ਧਿਆਨ) ਕਿਸੀ ਹੱਡ, ਚੰਮ, ਮਾਸ, ਲਹੂ, ਮਿੰਝ ਦੀ ਨਹੀਂ ਬਣੀ ਤਾਂ ਇਸ ਨੂੰ ਹੱਡ, ਚੰਮ, ਮਾਸ, ਲਹੂ, ਮਿੰਝ ਵਾਲਾ ਗੁਰੂ ਵੀ ਨਹੀਂ ਚਾਹੀਦਾ। ਇਸ ਬਾਰੀਕ ਨੁਕਤੇ ਨੂੰ "ਸ਼ਬਦ ਗੁਰੂ ਗ੍ਰੰਥ" ਵਿਖੇ ਇਉਂ ਦਰਸਾਇਆ ਹੈ-ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥ ਉਹ ਅਬਿਮਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (ਮ:੪-੭੫੯) ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥(ਮ:੪-੯੮੨) ਧਿਆਨ ਦੀ ਗਿਆਨ ਗੁਰੂ ਨਾਲ ਸਾਂਝ ਹੁੰਦੀ ਹੈ-ਸਬਦੁ ਗੁਰੂ ਸੁਰਤਿ ਧੁਨਿ ਚੇਲਾ॥(ਮ:੧-੯੪੩) ਗਿਆਨ-ਗੁਰੂ, ਬਿਬੇਕ ਬੁੱਧੀ ਕਾਰਨ ਹੀ ਸਾਡਾ ਧਿਆਨ (ਆਤਮ-ਮਨ) ਜਾਗ ਪੈਂਦਾ ਹੈ। ਇਸੇ ਧਿਆਨ-ਸੁਰਤਿ (ਆਤਮ-ਮਨ) ਨੂੰ ਚੇਲਾ ਕਹਿੰਦੇ ਹਨ। ਨਾ ਹੀ ਦੇਹ ਗੁਰੂ ਹੁੰਦੀ ਅਤੇ ਨਾ ਹੀ ਕਿਸੀ ਮਨੁੱਖ ਦਾ ਸਰੀਰ ਚੇਲਾ ਹੁੰਦਾ ਹੈ। ਬਿਬੇਕ (ਗਿਆਨ) ਹੀ ਗੁਰੂ ਹੈ-ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ॥(ਕਬੀਰ-੭੯੩)

ਮੁੱਢ ਤੋਂ ਮਨੁੱਖਾਂ ਵਾਸਤੇ ਗਿਆਨ (ਸ਼ਬਦ) ਹੀ ਗੁਰੂ ਹੁੰਦਾ ਆਇਐ ਭਾਵੇਂ ਭਗਤ ਕਬੀਰ ਦਾ ਤੇ ਭਾਵੇਂ ਬਾਬੇ ਨਾਨਕ ਦਾ ਸਮਾਂ ਹੋਵੇ। ਨਿਰਪੱਖ ਵਿਚਾਰ ਤੋਂ ਇਹੀ ਮਹਿਸੂਸ ਹੁੰਦਾ ਹੈ ਕਿ ਗਿਆਨ ਗੁਰੂ ਹੀ ਮਨੁੱਖ ਦੇ ਧਿਆਨ (ਸੁਰਤਿ) ਨੂੰ ਜਗਾਉਣ ਦੇ ਸਮਰੱਥ ਹੁੰਦੈ ਪਰ ਅਫਸੋਸ ਇਸ ਗੱਲ ਦਾ ਕਿ ਜਿਸ ਸਰੀਰ ਰਾਹੀਂ ਕਿਸੀ ਮਨੁੱਖ ਨੇ ਸੁਨੇਹਾ ਦਿੱਤਾ, ਅਗਿਆਨਤਾ ਵੱਸ ਬਹੁਤੀ ਲੋਕਾਈ ਨੇ ਉਸੀ ਦੇ ਸਰੀਰ ਨੂੰ ਗੁਰੂ ਮੰਨ ਕੇ ਪੂਜਾ ਸ਼ੁਰੂ ਕਰ ਦਿੱਤੀ। ਦੁਖਾਂਤ ਇਹ ਵਾਪਰਿਆ ਕਿ ਲੋਕਾਂ ਨੇ ਸੁਨੇਹਾ ਲੈਣ ਦੀ ਬਜਾਏ ਉਸ ਦਾ ਸਰੀਰ ਬਿਨਸਨ ਤੇ ਨਵਾਂ ਸਰੀਰਕ ਗੁਰੂ ਲੱਭਣਾ ਸ਼ੁਰੂ ਕਰ ਦਿੱਤਾ ਤੇ ਧਿਆਨ (ਸੁਰਤਿ) ਨੂੰ "ਗਿਆਨ-ਗੁਰੂ" ਦੀ ਸਾਂਝ ਪ੍ਰਾਪਤ ਨਾ ਹੋ ਸਕੀ। ਜੇ ਕਰ,ਸਰੀਰ (ਦੇਹ ਗੁਰੂ) ਕਰਕੇ ਗਿਆਨ ਪ੍ਰਾਪਤੀ ਹੁੰਦੀ ਤਾਂ ਭਗਤ ਕਬੀਰ, ਬਾਬੇ ਨਾਨਕ, ਪੰਚਮ ਪਾਤਸ਼ਾਹ ਇਨ੍ਹਾਂ ਸਭ ਨੂੰ ਲੋਕਾਂ ਨੇ ਤਸੀਹੇ ਦਿੱਤੇ, ਵੱਟੇ ਮਾਰੇ, ਭੂਤਨਾ-ਬੇਤਾਲਾ ਕਿਹਾ। ਲੋਕਾਂ ਨੇ ਸਰੀਰ ਰੂਪ 'ਚ ਉਨ੍ਹਾਂ ਨੂੰ ਵੇਖਿਆ ਵੀ, ਸੁਣਿਆ ਵੀ ਲੇਕਿਨ ਦੇਖਣ, ਸੁਣਨ ਨਾਲ ਜਾਂ ਸਰੀਰਕ ਜੋੜ-ਮੇਲ ਨਾਲ ਆਤਮ-ਸੁਰਤਿ ਨੂੰ ਜਗਾਇਆ ਨਹੀਂ ਜਾ ਸਕਦਾ। ਜੇ ਕਰ ਸਿਰਫ ਸਰੀਰਕ ਰੂਪ 'ਚ ਵੇਖ ਕੇ ਬਦਲਣਾ ਹੁੰਦਾ ਤਾਂ ਉਨ੍ਹਾਂ ਨੂੰ ਤਸੀਹੇ ਦੇ ਕੇ, ਭੂਤਨਾ-ਬੇਤਾਲਾ, ਕੁਰਾਹੀਆ ਕਿਸੇ ਨਹੀਂ ਸੀ ਕਹਿਣਾ ਅਤੇ ਉਨ੍ਹਾਂ ਦੇ ਸਰੀਰ ਤਿਆਗਣ ਮਗਰੋਂ ਕਿਸੇ ਨੂੰ ਕੁਝ ਫਾਇਦਾ ਨਹੀਂ ਸੀ ਹੋਣਾ ਪਰ ਉਨ੍ਹਾਂ ਵੱਲੋਂ ਪ੍ਰਚਾਰੇ ਗਏ ਗਿਆਨ ਨੂੰ ਅਸੀਂ ਅੱਜ ਵੀ ਮਾਣ ਸਕਦੇ ਹਾਂ ਤੇ ਸਦੀਆਂ ਤੱਕ ਉਸ ਦੀ ਅਗਵਾਈ ਨਾਲ ਮਨੁੱਖ ਉੱਚਾ ਜੀਵਨ ਪ੍ਰਾਪਤ ਕਰ ਸਕਦਾ ਹੈ। ਉਪ੍ਰੋਕਤ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਗਿਆਨਵਾਨ ਹਸਤੀਆਂ ਦਾ ਪ੍ਰਚਾਰਿਆ ਗਿਆਨ ਹੀ "ਸ਼ਬਦ ਗੁਰੂ" ਹੈ।

ਗਿਆਨ-ਗੁਰੂ ਰਾਹੀਂ ਮਨੁੱਖ ਦੀ ਸੁਰਤਿ ਘੜੀ ਜਾਂਦੀ ਆ ਜਿਸ ਦਾ ਸਦਕਾ,&;ਮਨੁੱਖ ਦਾ "ਸੁੱਤਾ ਮਨ" ਗਿਆਨ-ਗੁਰੂ ਨੂੰ ਪ੍ਰਾਪਤ ਕਰਕੇ, "ਜਾਗਿਆ ਮਨ" ਬਣ ਜਾਂਦਾ ਹੈ। ਸਰੀਰਕ ਗੁਰੂ ਮਨੁੱਖ ਦੇ ਸਰੀਰ ਤੱਕ ਸੰਬੰਧ ਰੱਖਦੈ ਪਰ ਮਨੁੱਖ ਨਾਲ ਆਤਮ-

(ਬਾਕੀ ਅਗਲੇ ਸਫੇ 'ਤੇ)

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪਾਕਿਸਤਾਨ 'ਚ ਤਿੰਨ ਰੋਜ਼ਾ ਅੰਤਰਾਸ਼ਟਰੀ ਸਿੱਖ ਕਨਵੈਨਸ਼ਨ ਵਿਚ ਅਮਰੀਕਾ ਤੋਂ ਵੀ ਜੱਥੇ ਨੇ ਕੀਤੀ ਸਮੂਲੀਅਤ

## ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੀਤਾ ਸੰਬੋਧਨ








**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਪਾਕਿਸਤਾਨ ਵਿਚ, ਪਾਕਿਸਤਾਨ ਸਰਕਾਰ ਵੱਲੋਂ ਵਡੇ ਪੱਧਰ ਉਤੇ ਮਨਾਉਣ ਦੀ ਤਿਆਰੀ ਵਿਚ ਲਾਹੌਰ ਵਿਚ ਤਿੰਨ ਦਿਨਾਂ ਕਨਵੈਨਸ਼ਨ ਵਿਚ ਅਮਰੀਕਾ ਦੇ ਸਿੱਖ ਜੱਥੇ ਵਲੋ ਵੀ ਸ਼ਿਕਰਤ ਕੀਤੀ ਗਈ। ਇਸ ਕਨਵੈਨਸ਼ਨ ਦਾ ਪ੍ਰਬੰਧ ਪਾਕਿਸਤਾਨ ਦੀ ਪੰਜਾਬ ਸਰਕਾਰ ਤੇ ਪਾਕਿਸਤਾਨ ਦੀ ਕੇਂਦਰੀ ਸਰਕਾਰ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕੀ ਸਿੱਖ ਕਾਕਸ ਕਮੇਟੀ, ਅਮਰੀਕਾ, ਕੈਨੇਡਾ, ਵਿਲਾਇਤ ਦੀਆਂ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਨੇ ਆਪਸੀ ਤਾਲਮੇਲ ਨਾਲ ਕੀਤਾ। ਇਸ ਕਨਵੈਨਸ਼ਨ ਦਾ ਉਦੇਸ਼ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਦੀ 550ਵੀਂ ਵਰ੍ਹੇਗੰਢ ਨੂੰ ਸੰਸਾਰ ਪੱਧਰ ਉਤੇ ਮਨਾਉਣ ਦੇ ਨਾਲ ਨਾਲ ਇਸ ਇਲਾਹੀ ਦਿਨ ਗੁਰੂ ਸਾਹਿਬ ਦੀ ਜਨਮ ਧਰਤੀ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਦੀ ਤਾਂਘ ਵੀ ਹੈ। ਇਹ ਕਨਵੈਨਸ਼ਨ ਲਾਹੌਰ ਵਿਖੇ ਗਵਰਨਰ ਹਾਉਸ ਵਿਚ 31 ਅਗਸਤ ਨੂੰ ਸ਼ੁਰੂ ਹੋਈ ਤੇ 2 ਸਤੰਬਰ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਸ਼ਾਨਦਾਰ ਭਾਸ਼ਣ ਨਾਲ ਸੰਪੂਰਨ ਹੋਈ। ਕਨਵੈਨਸ਼ਨ ਦੇ ਪਹਿਲੇ ਦਿਨ ਸੂਬਾ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹੰਮਦ ਸਰਵਰ ਨੇ ਆਪਣੇ ਵੀਚਾਰ ਸਭ ਨਾਲ ਸਾਂਝੇ ਕੀਤੇ। ਉਨਾਂ ਕਿਹਾ ਕਿ ਉਹ ਹਾਲੇ ਕੁਝ ਮਹੀਨੇ ਪਹਿਲਾਂ ਹੀ ਉਹ ਅਮਰੀਕਾ ਤੇ ਕੈਨੇਡਾ ਦੇ ਦੌਰੇ ਉਤੇ ਗਏ ਸਨ ਤੇ ਸਿੱਖ ਆਗੂਆਂ ਤੇ ਸੰਗਤਾਂ ਨਾਲ ਮੁਲਾਕਾਤਾਂ ਕੀਤੀਆਂ ਸਨ।

ਇਸ ਤੋਂ ਇਲਾਵਾ ਦੂਜੇ ਦਿਨ ਪੰਜਾਬ ਦੇ ਮੁੱਖ ਮੰਤਰੀ ਜਨਾਬ ਸਰਦਾਰ ਉਸਮਾਨ ਬੁਜ਼ਦਾਰ ਤੇ ਕੇਂਦਰੀ ਰੇਲਵੇ ਮੰਤਰੀ ਜਨਾਬ ਸ਼ੇਖ ਰਸ਼ੀਦ ਨੇ ਹਿੱਸਾ ਲਿਆ। ਉਨਾਂ ਆਪਣੇ ਵੀਚਾਰਾਂ ਵਿਚ ਵਿਦੇਸ਼ਾਂ ਤੋਂ ਆਏ ਸਿੱਖਾ ਆਗੂਆਂ ਨੂੰ ਕਿਹਾ ਕਿ ਪੂਰਾ ਪੰਜਾਬ ਸਿੱਖਾਂ ਦਾ ਦੂਜਾ ਘਰ ਹੈ, ਉਹ ਜਦ ਚਾਹੁਣ ਆ ਸਕਦੇ ਹਨ ਤੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰ ਸਕਦੇ ਹਨ। ਸਮੁੱਚੀ ਦੁਨੀਆਂ ਵਿਚੋਂ ਆਉਣ ਵਾਲੇ ਸਿੱਖਾ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ।

ਕਨਵੈਨਸ਼ਨ ਦੇ ਤੀਜੇ ਤੇ ਆਖਰੀ ਦਿਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਇਸ ਵੱਡੀ ਅੰਤਰਰਾਸ਼ਟੀ ਸਿੱਖ ਕਨਵੈਨਸ਼ਨ ਵਿਚ ਸ਼ਾਮਲ ਹੋਏ। ਉਨਾਂ ਨਾਲ ਪਾਕਿਸਤਾਨ ਦੀਆਂ ਫੌਜਾਂ ਦੇ ਆਲਾ ਅਫਸਰ, ਪਾਕਿਸਤਾਨ ਵਕਫ ਬੋਰਡ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਜ਼, ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਜੱਜ ਸ਼ਾਮਲ ਹੋਏ। ਇਸ ਆਖਰੀ ਦਿਨ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਐਗਜ਼ੈਕਟਿਵ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਤੇ ਸਮੁੱਚੀ ਕਨਵੈਸ਼ਨ ਨੂੰ ਸੰਭੋਧਨ ਕੀਤਾ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਤੇ ਪੂਰੇ ਅਵਾਮ ਦਾ ਏਡੀ ਵੱਡੀ ਕਨਵੈਨਸ਼ਨ ਕਰਾਉਣ ਲਈ ਸ਼ੁਕਰੀਆ ਅਦਾ ਕੀਤਾ। ਤੇ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਮਨਾਉਣ ਲਈ ਬਹੁਤ ਵਡੇ ਪ੍ਰਬੰਧ ਕੀਤੇ ਹਨ ਤੇ ਸਾਰੇ ਪ੍ਰਬੰਧਾਂ ਨੂੰ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਲਈ ਪ੍ਰਧਾਨ ਮੰਤਰੀ ਵਧਾਈ ਦੇ ਹੱਕਦਾਰ ਹਨ। ਇਸ ਤੋਂ ਬਾਦ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਤਾਰ ਪੁਰ ਸਾਹਿਬ ਸਿੱਖਾਂ ਦਾ ਮਦੀਨਾ ਤੇ ਨਨਕਾਣਾ ਸਾਹਿਬ&; ਸਿੱਖਾਂ ਦਾ ਮੱਕਾ ਹੈ, ਉਹ ਜਦ ਚਾਹੁਣ ਇਸ ਧਰਤੀ ਦੇ ਦਰਸ਼ਨ ਕਰਨ ਆ ਸਕਦੇ ਹਨ। ਵੀਜ਼ਾ ਸ਼ਰਤਾਂ ਸੌਖੀਆਂ ਕਰ ਦਿੱਤੀਆ ਗਈਆ ਹਨ, ਰਹਿਣ ਦੇ ਪ੍ਰਬੰਧ ਕਰ ਦਿੱਤੇ ਗਏ ਹਨ। ਸਿੱਖਾ ਨੂੰ ਕਿਸੇ ਕਿਸਮ ਦੀ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ। ਪਾਕਿਸਤਾਨ ਦਾ ਨਿਸ਼ਾਨਾਂ ਦੋਹਾਂ ਦੇਸ਼ਾਂ ਵਿਚ ਕਸ਼ੀਦਗੀ ਘਟਾ ਕੇ ਅਮਨ ਸਥਾਪਤ ਕਰਨਾ ਹੈ। ਜਨਾਬ ਇਮਰਾਨ ਖਾਨ ਨੇ ਕਿਹਾ ਕਿ ਵਿਦੇਸ਼ਾਂ ਵਿਚੋਂ ਆਏ ਸਾਰੇ ਸਿੱਖਾਂ ਦਾ ਸੁਆਗਤ ਹੈ ਤੇ ਖੁੱਲ੍ਹੇ ਦਿਲ ਨਾਲ ਆਪਣੇ ਗੁਰਦੁਆਂਰਿਆਂ ਦੇ ਦਰਸ਼ਨ ਕਰ ਸਕਦੇ ਹਨ। ਪ੍ਰਧਾਨ ਮੰਤਰੀ ਦੇ ਭਾਸ਼ਨ ਵਿਚ ਲਗਾਤਰ ਤਾੜੀਆ ਵੱਜਦੀਆਂ ਰਹੀਆਂ ਤੇ ਜੈਕਾਰੇ ਗੂੰਜਦੇ ਰਹੇ।

ਇਸ ਕਨਵੈਨਸ਼ਨ ਵਿਚ ਅਮਰੀਕਾ, ਕੇਨੈਡਾ, ਵਿਲਾਇਤ, ਯੋਰਪ, ਤੇ ਭਾਰਤੀ ਕਬਜ਼ੇ ਹੇਠਲੇ ਪੰਜਾਬ ਵਿਚੋਂ ਸ੍: ਗੁਰਤੇਜ ਸਿੰਘ ਸਾਬਕਾ ਆਈ.ਏ.ਐਸ. ਜਗਮੋਹਨ ਸਿੰਘ ਟੋਨੀ ਤੇ ਪਰਮਜੀਤ ਸਿੰਘ ਗਾਜ਼ੀ ਸ਼ਾਮਲ ਹੋਏ। ਇਕ ਵੱਖਰੇ ਬਿਆਨ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਪਾਕਿਸਤਾਨੀ ਪ੍ਰਧਾਨ ਮੰਤਾਰੀ, ਪਾਕਿਸਤਾਨ ਪੰਜਾਬ ਦੇ ਗਵਰਨਰ, ਪਾਕਿਸਤਾਨੀ ਪੰਜਾਬੀ ਦੇ ਮੁੱਖ ਮੰਤਰੀ ਤੇ ਭਾਈ ਹਰਪ੍ਰੀਤ ਸਿੰਘ ਸੰਧੂ ਤੇ ਸਮੁੱਚੇ ਪਾਕਿਸਤਾਨੀ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਹੈ।

# ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਰਿਹਾਅ ਕਰਵਾਉਣ ਲਈ ਰੋਸ ਪ੍ਰਦਰਸ਼ਨ ਜਾਰੀ



**ਜਲੰਧਰ–** 13 ਅਗਸਤ ਨੂੰ ਪੰਜਾਬ ਬੰਦ ਦੌਰਾਨ ਬਹੁਜਨ ਸਮਾਜ ਦੇ ਨਿਧੜਕ ਆਗੂ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਪੁਲਿਸ ਵੱਲੋਂ ਬਿਨਾਂ ਐਫ. ਆਈ. ਆਰ. ਦਰਜ ਕੀਤੇ ਅਤੇ ਦੇਸ਼ ਧਰੋਹ ਦੇ ਝੂਠੇ ਕੇਸ ਪਾ ਕੇ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਸਬੰਧੀ ਪੰਜਾਬ ਦੀਆਂ ਅਲੱਗ-ਅਲੱਗ ਜਥੇਬੰਦੀਆਂ ਨੇ ਸ਼ਿੰਗਾਰਾ ਰਾਮ ਸਹੂੰਗੜਾ ਦੇ ਪੱਖ ਵਿਚ ਆਵਾਜ਼ ਬੁਲੰਦ ਕਰਕੇ ਕਿਹਾ ਕਿ ਉਹਨਾਂ ਨੇ 13 ਅਗਸਤ ਨੂੰ ਪੰਜਾਬ ਬੰਦ ਸਮੇਂ ਆਪਣੇ ਭਾਸ਼ਣ ਦੌਰਾਨ ਕੋਈ ਵੀ ਗਲਤ ਸ਼ਬਦ ਨਹੀਂ ਬੋਲਿਆ। ਪਰ ਪੁਲਿਸ ਵੱਲੋਂ ਉਹਨਾਂ ਨੂੰ ਬਿਨਾਂ ਐਫ. ਆਈ. ਆਰ. ਦਰਜ ਕੀਤੇ ਉਹਨਾਂ ਦੇ ਘਰੋਂ ਗ੍ਰਿਫਤਾਰ ਕਰ ਲਿਆ ਗਿਆ, ਜਿਸ ਦੇ ਰੋਸ ਵਜੋਂ ਸ੍ਰੀ ਕਾਂਤੀ ਮੋਹਨ (ਸਰਪੰਚ ਮੁਠੱਡਾ) ਦੀ ਅਗਵਾਈ ਹੇਠ 27 ਅਗਸਤ ਤੋਂ ਲੈ ਕੇ ਲਗਾਤਾਰ ਧਰਨਾ ਪ੍ਰਦਰਸ਼ਨ ਨਵਾਂ ਸ਼ਹਿਰ ਵਿਖੇ ਜਾਰੀ ਹੈ। ਸ੍ਰੀ ਕਾਂਤੀ ਮੋਹਨ ਨੇ ਦੱਸਿਆ ਕਿ ਸ਼ਿੰਗਾਰਾ ਰਾਮ ਸਹੂੰਗੜਾ ਤੇ ਝੂਠੇ ਕੇਸ ਪਾਏ ਗਏ ਹਨ ਅਤੇ ਦੇਸ਼ ਧਰੋਹ ਦਾ ਪਰਚਾ ਤਾਂ ਬਿਲਕੁਲ ਬੇਇਨਸਾਫੀ ਹੈ, ਜਿਸ ਕਰਕੇ ਸਹੂੰਗੜਾ ਨੂੰ ਇਨਸਾਫ ਦਿਵਾਉਣ ਲਈ ਇਹ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਅਤੇ ਪ੍ਰਸ਼ਾਸਨ









ਇਸ ਮੁੱਦੇ ਤੇ ਸਾਡੀਆਂ ਮੰਗਾਂ ਮੰਨਣ ਨੂੰ ਤਿਆਰ ਨਹੀਂ ਹੈ। ਉਹਨਾਂ ਕਿਹਾ ਕਿ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਧਰਨਾ ਪਹਿਲਾਂ ਚੁੱਕ ਲਿਆ ਜਾਵੇ ਅਤੇ ਫਿਰ ਸਹੂੰਗੜਾ ਨੂੰ ਰਿਹਾਅ ਕੀਤਾ ਜਾਵੇਗਾ ਪਰ ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਉਹ ਪਹਿਲਾਂ ਸ਼ਿੰਗਾਰਾ ਰਾਮ ਨੂੰ ਰਿਹਾਅ ਕਰਨ, ਫਿਰ ਧਰਨਾ ਚੁੱਕਿਆ ਜਾਵੇਗਾ ਪਰ ਫਿਲਹਾਲ ਪ੍ਰਸ਼ਾਸਨ ਇਸ ਗੱਲ ਨਾਲ ਸਹਿਮਤ ਨਹੀਂ ਹੈ। ਇਸ ਲਈ ਰੋਸ ਧਰਨੇ ਦੀ ਅਗਵਾਈ ਕਰ ਰਹੇ ਸ੍ਰੀ ਕਾਂਤੀ ਮੋਹਨ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਜੇਕਰ ਸਹੂੰਗੜਾ ਨੂੰ ਰਿਹਾਅ ਨਹੀਂ ਕੀਤਾ ਗਿਆ ਤਾਂ ਉਹ ਪੂਰੇ ਬਹੁਜਨ ਸਮਾਜ ਦੇ ਸਹਿਯੋਗ ਨਾਲ ਪੂਰਾ ਨਵਾਂ ਸ਼ਹਿਰ ਬੰਦ ਕਰਨਗੇ।

## ਸਿੱਖ ਸ਼ਰਧਾਲੂਆਂ ਨੂੰ ਮੌਕੇ 'ਤੇ ਵੀਜ਼ੇ ਜਾਰੀ ਕਰੇਗਾ ਪਾਕਿ

**ਲਾਹੌਰ–** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਭਾਰਤ ਅਤੇ ਹੋਰ ਮੁਲਕਾਂ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਮਲਟੀਪਲ ਅਤੇ ਮੌਕੇ 'ਤੇ ਹੀ (ਆਨ ਅਰਾਈਵਲ) ਵੀਜ਼ੇ ਜਾਰੀ ਕਰੇਗੀ। 'ਦਿ ਨਿਊਜ਼ ਇੰਟਰਨੈਸ਼ਨਲ' ਦੀ ਰਿਪੋਰਟ ਮੁਤਾਬਕ ਇਮਰਾਨ ਖ਼ਾਨ ਨੇ ਕਿਹਾ ਕਿ ਸਰਕਾਰ ਪਾਕਿਸਤਾਨ 'ਚ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆ ਕਰਵਾਏਗੀ। ਕੌਮਾਂਤਰੀ ਸਿੱਖ ਕਨਵੈਨਸ਼ਨ ਦੇ ਆਖਰੀ ਦਿਨ ਆਪਣੇ ਸੰਬੋਧਨ 'ਚ ਪ੍ਰਧਾਨ ਮੰਤਰੀ ਨੇ ਸਿੱਖਾਂ ਨੂੰ ਕਿਹਾ, "ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਤੁਹਾਨੂੰ ਬਹੁ-ਪ੍ਰਵੇਸ਼ ਵੀਜ਼ੇ ਜਾਰੀ ਕੀਤੇ ਜਾਣਗੇ। ਇਹ ਸਾਡੀ ਜ਼ੰਿਮੇਵਾਰੀ ਹੈ। ਅਸੀਂ ਹਵਾਈ ਅੱਡੇ 'ਤੇ ਹੀ ਤੁਹਾਨੂੰ ਵੀਜ਼ੇ ਦੇਵਾਂਗੇ।"

## ਅਮਰੀਕੀ ਲੜਕੇ ਵਲੋਂ ਆਪਣੇ ਘਰ ਦੇ ਪੰਜ ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ

**ਮਿਆਮੀ–** ਇੱਕ 14 ਸਾਲ ਦੇ ਲੜਕੇ ਨੇ ਅਮਰੀਕਾ ਦੇ ਅਲਬਾਮਾ ਸੂਬੇ ਵਿੱਚ ਐਲਕਮੌਂਟ ਵਿੱਚ ਆਪਣੇ ਪੰਜ ਪਰਿਵਾਰਕ ਜੀਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਫਿਰ ਪੁਲੀਸ ਨੂੰ ਬੁਲਾ ਕੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਇਹ ਜਾਣਕਾਰੀ ਪੁਲੀਸ ਨੇ ਦਿੱਤੀ ਹੈ। ਇਨ੍ਹਾਂ ਵਿੱਚੋਂ ਤਿੰਨ ਜੀਅ ਘਰ ਵਿੱਚ ਤੁਰੰਤ ਮਰ ਗਏ ਅਤੇ ਦੋ ਹੈਲੀਕਾਪਟਰ ਐਂਬੂਲੈਂਸ ਰਾਹੀਂ ਲੈ ਕੇ ਜਾਣ ਸਮੇਂ ਦਮ ਤੋੜ ਗਏ।

ਲਾਈਮਸਟੋਨ ਕਾਊਂਟੀ ਦੇ ਪੁਲੀਸ ਮੁਖੀ ਨੇ ਦੱਸਿਆ ਲੜਕੇ ਨੇ ਇਨ੍ਹਾਂ ਹੱਤਿਆਵਾਂ ਲਈ 9 ਐੱਮਐੱਮ ਦੀ ਗੰਨ ਵਰਤੀ। ਇਹ ਘਟਨਾ ਸੋਮਵਾਰ ਰਾਤ ਨੂੰ ਘਟੀ ਹੈ। ਪੁਲੀਸ ਨੇ ਲੜਕੇ ਦੀ ਸ਼ਨਾਖਤ ਨਹੀਂ ਦੱਸੀ ਅਤੇ ਨਾ ਹੀ ਅਜੇ ਤਕ ਘਟਨਾ ਪਿਛਲੇ ਕਾਰਨਾਂ ਦਾ ਪਤਾ ਲੱਗ ਸਕਿਆ ਹੈ। ਪੁਲੀਸ ਅਨੁਸਾਰ ਲੜਕਾ ਜਾਂਚ ਵਿੱਚ ਪੂਰਾ ਸਹਿਯੋਗ ਦੇ ਰਿਹਾ ਹੈ ਅਤੇ ਪੁਲੀਸ ਅਪਰਾਧ ਕਰਨ ਲਈ ਵਰਤੀ ਗੰਨ ਨੂੰ ਲੱਭਣ ਵਿੱਚ ਲੱਗੀ ਹੈ, ਜੋ ਕਿ ਲੜਕੇ ਨੇ ਆਪਣੇ ਘਰ ਦੇ ਨਜ਼ਦੀਕ ਹੀ ਸੁੱਟ ਦਿੱਤੀ ਸੀ।

# ਗੁਰੂ ਲਫਜ਼ ਦੀ ਵਿਆਖਿਆ ਤੇ ਬਾਬੇ ਨਾਨਕ ਦਾ ਧਰਮ ਗੁਰੂ ਕੌਣ ਸੀ?

(ਸਫਾ 6 ਦੀ ਬਾਕੀ)

ਸੁਰਤਿ ਦਾ ਮੇਲ ਗਿਆਨ-ਗੁਰੂ ਦਾ ਹੀ ਹੁੰਦੈ ਜੋ ਸਰਬਵਿਆਪਕ ਹੈ। ਉਹ "ਸ਼ਬਦ" ਜੋ ਲਿਖਿਆ, ਪ੍ਰਚਾਰਿਆ ਜਾਂਦੈ ਉਸੇ ਨੂੰ ਸਤਿਗੁਰੂ ਸੱਚਾ ਗਿਆਨ ਕਹਿੰਦੇ ਨੇ ਜਿਸ ਸਦਕਾ, ਮਨੁੱਖ ਦੀ ਆਤਮ-ਸੁਰਤਿ ਤੇ ਬੁੱਧੀ ਜਾਗ ਪੈਂਦੇ ਹਨ। "ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ" ਦਾ ਭਾਵ ਵੀ ਇਹੋ ਦ੍ਰਿੜਾਉਂਦੈ ਕਿ ਸਰੀਰ ਨੇ ਤਾਂ ਇਕ ਦਿਨ ਬਿਨਸ ਜਾਣੈ ਇਸ ਕਰਕੇ ਸੱਚਾ ਗਿਆਨ (ਗੁਰੂ) ਸਦੀਵੀ ਹੁੰਦੈ, ਉਹ ਨਾ ਕਿਤੋਂ ਆਉਂਦਾ ਨਾ ਕਿਤੇ ਜਾਂਦਾ ਤੇ ਨਾ ਹੀ ਕਦੀ ਬਿਨਸਦਾ ਹੈ। ਸਦੀਵੀ ਕੇਵਲ ਸੱਚਾ ਗਿਆਨ (ਸ਼ਬਦ-ਗੁਰੂ) ਹੀ ਹੁੰਦੈ ਅਤੇ ਹਮੇਸ਼ਾ ਹਰੇਕ ਸਮੇਂ ਮਨੁੱਖ ਨੂੰ ਇਸ ਸੱਚੇ ਗਿਆਨ ਰੂਪ (ਗੁਰੂ) ਦੀ ਲੋੜ ਹੁੰਦੀ ਹੈ।

ਹੁਣ ਇਹ ਸਵਾਲ ਉਠਦੈ ਕਿ ਜੋ ਮਨੁੱਖ "ਦੇਹਧਾਰੀ ਗੁਰੂ" ਬਣ ਕੇ ਕਿਸੀ ਵੀ ਮਨੁੱਖ ਦੇ ਕੰਨਾਂ 'ਚ ਕਿਸੇ ਵੀ ਲਫਜ਼ੀ ਰਟਨ ਦਾ ਅਖੌਤੀ "ਨਾਮ-ਮੰਤ੍ਰ" ਦਿੰਦੇ ਨੇ ਉਹ ਕੀ ਹੁੰਦਾ ਹੈ? ਇਸ ਦਾ ਪਤਾ ਵਿਚਾਰਨ ਨਾਲ ਲਗਦੈ ਕਿ ਜੋ ਵੀ ਮਨੁੱਖ ਆਪਣੇ ਆਪ ਨੂੰ ਗੁਰੂ ਸਮਝਦੈ ਅਤੇ ਕਿਸੀ ਨੂੰ ਚੇਲਾ ਬਣਾ ਕੇ ਨਾਮ ਮੰਤ੍ਰ ਦਿੰਦੈ ਤਾਂ ਮੰਨਣਾ ਪਵੇਗਾ ਕਿ "ਆਪਣੇ ਆਪ ਨੂੰ ਗੁਰੂ ਅਖਵਾਉਣ ਅਤੇ ਸਮਝਣ ਵਾਲਾ ਮਨੁੱਖ" ਅਗਿਆਨੀ ਪਰ ਆਪਣੀ ਪੂਜਾ ਪ੍ਰਤਿਸ਼ਟਾ ਕਰਾਉਣ ਲਈ ਚਲਾਕ ਹੁੰਦਾ ਹੈ। ਅਗਿਆਨਤਾ ਵੱਸ ਮਨੁੱਖ ਹੀ ਕਿਸੀ ਦਾ ਗੁਰੂ ਬਣਨ ਦਾ ਭੁਲੇਖਾ ਖਾਂਦੈ ਅਤੇ ਅਗਿਆਨਤਾ ਵੱਸ ਮਨੁੱਖ ਹੀ ਕਿਸੀ ਮਨੁੱਖ ਦਾ ਚੇਲਾ ਬਣਦੈ ਕਿਉਂਕਿ ਨਾਂ ਸਰੀਰ ਗੁਰੂ ਤੇ ਨਾ ਹੀ ਚੇਲਾ ਬਣ ਸਕਦਾ ਹੈ। ਅਗਿਆਨਤਾ ਕਾਰਨ ਹੀ ਭੁਲੇਖਾ ਹੈ ਕਿ ਉਹ ਮਨੁੱਖ ਗੁਰੂ ਹੋ ਸਕਦੈ ਅਤੇ ਅਜਿਹੇ ਅਗਿਆਨੀ ਮਨੁੱਖ ਹੀ ਕਿਸੇ ਨੂੰ ਸਰੀਰ ਰੂਪ ਗੁਰੂ ਮੰਨਦੇ ਰਹਿੰਦੇ ਹਨ। "ਅੰਧੀ ਰਯਤਿ ਗਿਆਨ ਵਿਹੂਣੀ" ਲੋਕਾਈ ਤਾਂ ਅਗਿਆਨਤਾ ਵੱਸ ਠੱਗੀ ਜਾਂਦੀ ਅਤੇ ਅਖਾਣ ਵੀ ਮਸ਼ਹੂਰ ਹੈ ਕਿ "ਗੁਰੂ ਜਿਨ੍ਹਾਂ ਦੇ ਟਪਣੇ ਚੇਲੇ ਜਾਣ ਛੜੱਪ" ਭਾਵ ਅਗਿਆਨੀ ਮਨੁੱਖ ਹੀ ਆਪਣੇ ਆਪ ਨੂੰ ਗੁਰੂ ਆਖਦੇ, ਸਮਝਦੇ ਤੇ ਅਗਿਆਨੀਆਂ ਨੂੰ ਹੀ ਚੇਲੇ ਬਣਾਉਂਦੇ ਹਨ।

ਮਨੁੱਖਾਂ ਦੀ ਕੁਦਰਤੀ ਬਿਰਤੀ ਹੈ ਕਿ ਉਹ ਜਿਸ ਮਨੁੱਖ ਨੂੰ "ਸਰੀਰ ਰੂਪ" 'ਚ ਗੁਰੂ ਮੰਨ ਲੈਂਦੈ, ਉਸ ਅਖੌਤੀ ਗੁਰੂ ਉਤੇ, ਜਦੋਂ ਕਾਮ, ਕ੍ਰੋਧ, ਲੋਭ, ਮੌਤ ਜਾਂ ਹੰਕਾਰ ਦੇ ਹਮਲੇ ਵਾਪਰਦੇ ਵੇਖਦੇ ਜਾਂ ਉਸ ਦੇ ਮਾੜੇ ਕੰਮ ਵੇਖਦੇ ਤਾਂ ਨਿਰਾਸ਼ ਹੋ ਜਾਂਦੇ ਹਨ। ਜੇਕਰ ਉਸ ਅਖੌਤੀ ਗੁਰੂ ਦੀਆਂ ਮਾੜੀਆਂ ਕਰਨੀਆਂ ਛੁਪੀਆਂ ਵੀ ਰਹਿਣ ਤਾਂ ਲੋਕੀ ਉਸ ਦੀ ਸਰੀਰਕ ਮੌਤ ਮਗਰੋਂ ਨਵਾਂ ਗੁਰੂ ਲਭਦੇ ਰਹਿੰਦੇ ਹਨ। ਬਾਬਾ ਨਾਨਕ ਇਹੀ ਭੁਲੇਖੇ ਨੂੰ ਹੀ ਦੂਰ ਕਰਨਾ ਚਾਹੁੰਦੇ ਸਨ ਕਿ ਸਰੀਰ ਗੁਰੂ ਨਹੀਂ ਹੁੰਦਾ। ਸਿਧਾਂ ਦੇ ਪੁੱਛਣ ਤੇ ਉਨ੍ਹਾਂ ਕਿਹਾ ਸੀ ਕਿ ਮੇਰਾ ਗੁਰੂ, "ਸ਼ਬਦ ਗੁਰੂ" ਤੇ ਮੇਰੀ ਸੁਰਤਿ ਉਸ ਗਿਆਨ-ਗੁਰੂ (ਸ਼ਬਦ) ਦੀ ਚੇਲਾ ਹੈ। "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਅਨੁਸਾਰ, ਨਾਨਕ ਪਾਤਸ਼ਾਹ ਵਲੋਂ ਇਹ ਸੁਨੇਹਾ ਦ੍ਰਿੜ ਕਰਵਾਉਣ ਲਈ "ਗਿਆਨ ਦੀ ਜੋਤ ਨੂੰ ਹੀ ਗੁਰੂ" ਪ੍ਰਚਾਰਿਆ ਗਿਆ। ਇਸੇ ਆਸ਼ੇ ਨੂੰ ਮੁੱਖ ਰਖਦਿਆਂ, ਦੱਸ ਜਾਮਿਆਂ 'ਚ ੨੩੯ ਸਾਲ ਲਗਾ ਕੇ ਕੇਵਲ "ਸ਼ਬਦ ਗੁਰੂ ਗ੍ਰੰਥ" ਦੇ ਲੜ ਲਗਾਇਆ। ਲੋਕਾਈ ਨੂੰ ਸਰੀਰਕ ਗੁਰਤਾ ਵਾਲੇ ਹਨੇਰੇ ਚੋਂ ਕੱਢ ਕੇ, ਗਿਆਨ-ਗੁਰੂ ਦਾ ਪ੍ਰਕਾਸ਼ ਦ੍ਰਿੜ ਕਰਵਾ ਦਿੱਤਾ। ਸੱਚੇ ਗਿਆਨ-ਗੁਰੂ ਨੂੰ ਰੱਬੀ ਭਗਤਾਂ ਤੇ ਦਸਾਂ ਪਾਤਸ਼ਾਹੀਆਂ ਨੇ ਪ੍ਰਚਾਰਿਆ ਅਤੇ ਸਭ ਨੂੰ "ਸ਼ਬਦ ਗੁਰੂ" ਦੇ ਲੜ ਲਗਾ, ਪਸ਼ੂ ਬਿਰਤੀ ਤੋਂ ਉਪਰ ਉਠਾ ਕੇ ਮਨੁੱਖਤਾ ਭਰਪੂਰ ਜੀਵਨ ਜਿਉਣਾ ਸਿਖਾਉਂਦੇ, ਗੁਰਬਾਣੀ ਨੂੰ ਪ੍ਰਚਾਰਨ ਦਾ ਨਵਾਂ ਵਿੱਲਖਣ ਢੰਗ ਅਪਣਾਇਆ। ਅੱਜ "ਸ਼ਬਦ ਗੁਰੂ ਗ੍ਰੰਥ" ਨੂੰ "ਬਾਣੀ ਗੁਰੂ ਗੁਰੂ ਹੈ ਬਾਣੀ" ਦਾ ਦਰਜਾ ਹਾਸਲ ਹੈ। ਸੱਚਾ ਗਿਆਨ ਹੀ ਗੁਰੂ ਤੇ ਮਨੁੱਖ ਦੀ ਸੁਰਤਿ ਹੀ ਚੇਲਾ ਹੁੰਦੀ ਹੈ। ਹੁਣ ਸਮਝ ਆ ਗਈ ਹੋਵੇਗੀ ਕਿ "ਸ਼ਬਦ ਗੁਰੂ" ਕਿਸ ਨੂੰ ਕਿਹਾ ਜਾਂਦੈ ਅਤੇ ਬਾਬੇ ਨਾਨਕ ਦਾ "ਧਰਮ-ਗੁਰੂ" ਕੌਣ ਸੀ?

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ) ਦੀ ਮਾਸਿਕ ਇਕੱਤਰਤਾ




**ਸੈਕਰਾਮੈਂਟੋ-** ਪਿਛਲੇ ਐਤਵਾਰ ਅਗਸਤ 25,2019 ਨੂੰ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਦੀ ਮਾਸਿਕ ਇਕੱਤਰਤਾ, ਮਾਉਂਟੇਨ ਮਾਈਕ ਪੀਜਾ (ਆੱਬਰਨ ਬੁਲੇਵਾਰਡ) ਸੈਕਰਾਮੈਂਟੋ ਵਿਖੇ ਹੋਈ। ਬਾਅਦ ਦੁਪਹਿਰ 1:30 ਤੋਂ 2:00 ਤੱਕ ਪਸਸਕ ਕਰਾਜਕਰਨੀ ਕਮੇਟੀ ਦੀ ਮੀਟਿੰਗ ਹੋਈ! 2 ਵਜੇ ਤੋਂ ਬਾਅਦ ਕਹਾਣੀਕਾਰ ਤਤਿੰਦਰ ਕੌਰ ਨੇ ਆਪਣੀ ਕਹਾਣੀ ਪੜੀ ! ਸਭਾ ਦੇ ਨਵੇਂ ਮੈਂਬਰਾਂ ਕਰਮਵਾਰ ਮਨਰੀਤ ਕੌਰ ਗਰੇਵਾਲ ਸਿੱਧੂ, ਚਰਨਜੀਤ ਗਰੇਵਾਲ, ਸੁਰਿੰਦਰ ਸਿੰਘ ਸੈਣੀ ਨੇ ਆਪਣੇ ਵਾਰੇ ਸੰਖੇਪ ਜਾਣਕਾਰੀ ਦਿੰਦਿਆਂ ਆਪਣੇ ਵਿਚਾਰ ਸਾਂਝੇ ਕੀਤੇ ! ਸਭਾ ਦੇ ਸੀਨੀਅਰ ਮੈਂਬਰ ਅਤੇ ਸਾਬਕਾ ਪ੍ਰਧਾਨ ਅਤੇ ਪ੍ਰਸਿੱਧ ਕਹਾਣੀਕਾਰਾ ਮਨਜੀਤ ਸੇਖੋਂ ਜੀ ਨੇ ਆਪਣੇ ਬੇਟੇ ਦੇ ਵਿਆਹ ਦੇ ਪਲ ਸਾਂਝੇ ਕੀਤੇ ਅਤੇ ਵਧਾਈਆਂ ਕਬੂਲੀਆਂ! ਰਾਠੇਸ਼ਵਰ ਸਿੰਘ ਸੂਰਾਪੁਰੀ ਜੀ ਨੇ ਤਤਿੰਦਰ ਕੌਰ ਅਤੇ ਮਨਰੀਤ ਦੀਆਂ ਕਹਾਣੀਆਂ ਬਾਬਤ ਆਪਣੇ ਵਿਚਾਰ ਅਤੇ ਸੁਝਾਅ ਵਿਅਕਤ ਕੀਤੇ ! ਉਪਰੰਤ ਪੀਜਾ ਬਰੇਕ ਅਤੇ ਫੋਟੋ ਕੀਤੀ ਗਈ!

ਲੰਚ ਬਰੇਕ ਤੋਂ ਬਾਅਦ ਸਭਾ ਦੇ ਜਨਰਲ ਸਕੱਤਰ ਰਮੇਸ਼ ਬੰਗੜ ਜੀ ਨੇ ਸਟੇਜ ਦੀ ਭੂਮਿਕਾ ਬਾਖੂਬੀ ਨਿਭਾਉਂਦਿਆਂ ਕਵੀ ਦਰਬਾਰ ਦੀ ਸੂਰੂਆਤ ਗਾਇਕ ਅਤੇ ਸਭਾ ਦੇ ਨਵੇਂ ਚੁਣੇ ਗਏ ਪ੍ਰਬੰਧਕ ਮਨਜੀਤ ਰੱਲ ਨੇ ਕੀਤੇ ਜਿਸ ਨੇ ਆਪਣੀ ਮਿੱਠੀ ਅਵਾਜ ਵਿੱਚ ਇੰਦਰਜੀਤ ਗਰੇਵਾਲ ਦਾ ਲਿਖਿਆ "ਯਾਰੀਆਂ" ਗੀਤ ਗਾਕੇ ਕੀਤੀ! ਉਪਰੰਤ ਕਵੀ ਦਰਬਾਰ ਵਿੱਚ ਹਾਜਿਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਗੀਤਾਂ ਨਜ਼ਮਾਂ ਨਾਲ ਰੰਗ ਬੰਨਿਆਂ! ਕਵੀ ਦਰਬਾਰ ਵਿੱਚ ਦਿਲ ਨਿੱਜਰ, ਰਮੇਸ਼ ਬੰਗੜ, ਰਾਠੇਸ਼ਵਰ ਸਿੰਘ ਸੂਰਾਪੁਰੀ, ਜੀਵਨ ਰੱਤੂ, ਕਮਲ ਬੰਗਾ, ਮਨਜੀਤ ਰੱਲ, ਇੰਦਰਜੀਤ ਸਿੰਘ ਗਰੇਵਾਲ, ਮਨਜੀਤ ਕੌਰ ਸੇਖੋਂ, ਮਨਰੀਤ ਗਰੇਵਾਲ ਸਿੱਧੂ, ਮੇਜਰ ਭੁਪਿੰਦਰ ਸਿੰਘ ਦਲੇਰ ਆਦਿ ਨੇ ਹਿੱਸਾ ਲਿਆ! ਸਰੋਤਿਆਂ ਵਿੱਚ ਦਿਲਬਾਗ ਸਿੰਘ, ਸਤਨਾਮ ਸਿੰਘ ਮੰਡਾਲੀ, ਦਿਲਬਾਗ ਰਾਣਾ ਅਤੇ ਦੇਸ਼ ਦੁਆਬਾ ਤੋਂ ਪਰੇਮ ਕੁਮਾਰ ਚੁੰਬਰ ਵਿਸ਼ੇਸ਼ ਤੌਰ ਤੇ ਹਾਜਰ ਹੋਏ ! ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ (ਰਜਿ.) ਨਾਲ ਕਿਸੇ ਵੀ ਤਰਾਂ ਜੁੜਨ ਜਾਂ ਸੰਪਰਕ ਕਰਨ ਕਈ ਫੋਨ ਕਰ ਸਕਦੇ ਹੋ-

**ਇੰਦਰਜੀਤ ਸਿੰਘ ਗਰੇਵਾਲ (ਪ੍ਰਧਾਨ)**
916-248-1535
**ਰਮੇਸ਼ ਬੰਗੜ(ਜਨਰਲ ਸਕੱਤਰ)**
916-821-2175

# ਪੰਜਾਬੀ ਸਾਹਿਤ ਤੇ ਸੱਭਿਆਚਾਰ ਸੰਮੇਲਨ 21 ਤੇ 22 ਸਤੰਬਰ ਨੂੰ

**ਸਰੀ (ਕੈਨੇਡਾ)-** ਪੰਜਾਬ ਭਵਨ ਸਰੀ ਕੈਨੇਡਾ ਵਿਖੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਸੰਮੇਲਨ 21 ਤੇ 22 ਸਤੰਬਰ 2019 ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਐੱਸ. ਪੀ. ਸਿੰਘ ਜੀ (ਸਾਬਕਾ, ਵਾਈਸ ਚਾਂਸਲਰ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ) ਕਰਨਗੇ। ਇਸ ਮੌਕੇ ਜਿੱਥੇ ਦੇਸ਼ਾਂ ਵਿਦੇਸ਼ਾਂ ਤੋਂ ਪੰਜਾਬੀ ਸਾਹਿਤ ਨਾਲ ਜੁੜੇ ਲੇਖਕ, ਕਵੀ, ਵਿਦਵਾਨ, ਬੁੱਧੀਜੀਵੀ ਅਤੇ ਸਾਹਿਤਕ ਪ੍ਰੇਮੀ ਵੱਡੇ ਪੱਧਰ ਤੇ ਸ਼ਮੂਲੀਅਤ ਕਰਨਗੇ। ਉੱਥੇ ਆਪ ਨੂੰ ਵੀ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ। ਪੰਜਾਬੀ ਅਕਾਡਮੀ ਦਿੱਲੀ ਤੇ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਗੁਜਰਾਂ ਵਾਲਾ ਗੁਰੂ ਨਾਨਕ ਖਾਲਸਾ ਕਾਲਿਜ ਲੁਧਿਆਣਾ ਇਸ ਸਮਾਗਮ ਦੀਆਂ ਸਹਿਯੋਗੀ ਧਿਰਾਂ ਹਨ। ਸਵਾਗਤੀ ਕਮੇਟੀ ਦੇ ਚੇਅਰਮੈਨ ਸੁੱਖੀ ਬਾਠ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਵਿਦਵਾਨ ਡਾ: ਹਰਪਾਲ ਸਿੰਘ ਪੰਨੂ ਸੈਂਟਰਲ ਯੂਨੀ: ਆਫ ਪੰਜਾਬ, ਬਠਿੰਡਾ ,ਡਾ ਹਰਭਜਨ ਸਿੰਘ ਭਾਟੀਆ ਗੁਰੂ ਨਾਨਕ ਦੇਵ ਯੂਨੀਵਰਸਿਟੀ, ਡਾ: ਮਨਮੋਹਨ ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਡਾ: ਜਗਤਾਰ ਸਿੰਘ ਪੰਜਾਬੀ ਯੂਨੀ: ਪਟਿਆਲਾ, ਡਾ: ਗੁਰਨਾਮ ਸਿੰਘ ਸਾਬਕਾ ਡੀਨ ਪੰਜਾਬੀ ਯੂਨੀਵਰਸਿਟੀ ਤੇ ਅਮਰੀਕਾ ਕੈਨੇਡਾ ਦੇ ਪ੍ਰਮੁੱਖ ਲੇਖਕ ਵਰਿਆਮ ਸਿੰਘ ਸੰਧੂ ਤੇ ਪ੍ਰਿੰ: ਸਰਵਨ ਸਿੰਘ ਸਮੇਤ ਕਈ ਲੇਖਕ ਭਾਗ ਲੈਣਗੇ। ਇਸ ਮੌਕੇ ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਪੁਸਤਕ ਮੇਲਾ ਵੀ ਲਗਾਇਆ ਜਾ ਰਿਹਾ ਹੈ।



# ਪਾਕਿਸਤਾਨੀ-ਭਾਰਤੀ ਜੋੜੇ ਦਾ ਲੈਸਬੀਅਨ ਵਿਆਹ

**ਵਾਸ਼ਿੰਗਟਨ ਡੀ.ਸੀ (ਰਾਜ ਗੋਗਨਾ)-** ਬੀਤੇਂ ਦਿਨ ਇਕ ਲੈਸਬੀਅਨ ਵਿਆਹ ਵਿਚ ਜਿਸਨੇ ਦਿਖਾਇਆ ਕਿ "ਪਿਆਰ ਦੀ ਕੋਈ ਸਰਹੱਦ ਨਹੀਂ ਹੈ", ਦੋ ਔਰਤਾਂ ਇਕ ਭਾਰਤ ਦੀ, ਇਕ ਪਾਕਿਸਤਾਨ ਦੀ ਨੇ ਰਵਾਇਤੀ ਪਹਿਰਾਵੇ ਪਹਿਨ ਕੇ ਇਕ ਵਿਆਹ ਸਮਾਗਮ ਰਚਾ ਕੇ ਸ਼ਾਦੀ ਕੀਤੀ। ਬਿਆਨਕਾ ਮਾਈਲੀ ਮੁਸਲਿਮ ਨੇ ਆਪਣੇ ਵਿਆਹ ਵਿਚ ਹਾਥੀ ਦੀ ਕਢਾਈ ਵਾਲੀ ਸਾੜ੍ਹੀ ਪਾਈ ਸੀ। ਜਿਸਦੀ ਇਕ ਨਵੀਂ ਪਤਨੀ ਸਾਇਮਾ ਅਹਿਮਦ ਭਾਰਤੀ ਕ੍ਰਿਸਚੀਨ ਔਰਤ ਹੈ। ਜਿਸ ਨੇ ਸ਼ੇਰਵਾਨੀ ਪਹਿਨੀ ਸੀ ਇਕ ਪਹਿਰਾਵਾ ਜੋ ਰਵਾਇਤੀ ਤੌਰ 'ਤੇ ਦੱਖਣੀ ਏਸ਼ੀਆ ਵਿਚ ਮਰਦ ਦੁਲਹਨ ਦੁਆਰਾ ਪਹਿਨੀ ਜਾਂਦੀ ਹੈ। ਮਾਇਲੀ ਇਕ ਮੁਸਲਿਮ ਪਾਕਿਸਤਾਨੀ ਔਰਤ ਹੈ ਅਤੇ ਅਹਿਮਦ ਕੋਲੰਬੋ-ਭਾਰਤੀ ਕ੍ਰਿਸਚੀਅਨ ਹੈ। ਦੋਵਾਂ ਨੇ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਇੱਕ ਸੁੰਦਰ ਰਸਮ ਵਿੱਚ ਵਿਆਹ ਕੀਤਾ, ਜਿੱਥੇ ਉਹ ਰਹਿੰਦੇ ਹਨ ਅਤੇ ਉਹ ਇਕ ਦੂਜੇ ਨੂੰ ਮਿਲਦੇ -ਮਿਲਦੇ ਹੀ ਵਿਆਹ ਦੇ ਬੰਧਨ ਵਿੱਚ ਬੱਝ ਗਏ ਹਨ। ਉਨਾ ਦੇ ਕਹਿਣ ਮੁਤਾਬਕ "ਸਾਇਮਾ ਅਤੇ ਅਹਿਮਦ ਆਪਸੀ ਦੋਸਤਾਂ ਰਾਹੀਂ 2014 ਵਿੱਚ ਇੱਕ ਸ਼ਬਦ ਆਯੋਜਿਤ ਕੀਤੇ ਗਏ ਸ਼ਬਦਾਂ ਦੀ ਪੇਸ਼ਕਾਰੀ ਵਿੱਚ ਮਿਲੇ ਸੀ ਜਿਸ ਨੂੰ' ਕਮਿੰਗ ਮੁਸਲਿਮ 'ਕਹਿੰਦੇ ਹਨ। ਅਸੀਂ ਇਸ ਤੋ ਤੁਰੰਤ ਬਾਦ ਮਿਲੇ ਤੇ ਗੱਲਾਂ ਕੀਤੀਆ ਜੋ ਇਕ ਦੂਜੇ ਨੂੰ ਝਟਕਾ ਦੇਣ ਵਾਲੀਆਂ ਸਨ। ਉਦੋਂ ਤੋਂ ਹੀ ਸ਼ਾਬਦਿਕ ਤੌਰ 'ਤੇ ਮਿਲਦੀਆ ਆ ਰਹੀਆ ਹਾਨ। ਇਸ ਜੋੜੀ ਨੂੰ ਦੱਖਣੀ ਏਸ਼ੀਅਨ ਫੈਸ਼ਨ ਡਿਜ਼ਾਈਨਰ ਬਿਲਾਲ ਹੁਸੈਨ ਕਾਜ਼ੀਮੋਵ ਨੇ ਸਜਾਇਆ ਸੀ ਅਹਿਮਦ ਦੀ ਸ਼ੇਰਵਾਨੀ ਉਸਦੇ ਨਾਲ ਦੁਪੱਟਾ (ਸਕਾਰਫ਼) ਅਤੇ ਇੱਕ ਮੋਤੀ ਮੋਤੀ ਜੜਿਆ ਹੈ। ਮਾਈਲੀ ਨੇ ਉਨ੍ਹਾਂ ਦੇ ਵਿਆਹ ਦੇ ਰੂਪਾਂ ਬਾਰੇ ਦੱਸਿਆ: "ਅਸੀਂ ਦੋਵਾਂ ਸਭਿਆਚਾਰਾਂ ਦੇ ਪਹਿਲੂਆਂ ਨੂੰ ਇਸ ਢੰਗ ਨਾਲ ਸ਼ਾਮਲ ਕਰਨ ਦੇ ਚਾਹਵਾਨ ਸੀ ਜੋ ਇਕੋ ਸਮੇਂ ਸਤਿਕਾਰਯੋਗ ਅਤੇ ਵਿਅਕਤੀਗਤ ਬਣ ਗਿਆ ।"ਸਾਡੇ ਕੋਲ ਚਾਰ ਈਵੈਂਟ ਸਨ,



ਹਰ ਇੱਕ ਦੀ ਆਪਣੀ ਰੰਗ ਸਕੀਮ ਸੀ ਅਤੇ ਹਰ ਚੀਜ਼ ਜ਼ਿਆਦਾਤਰ ਰੰਗੀ ਹੋਈ ਸੀ। "ਜਸ਼ਨਾਂ ਦੀ ਸ਼ੁਰੂਆਤ ਸਹਿਮਤੀ ਨਾਲ ਹੋਈ, ਜਿਸ ਤੇ ਨੀਲੇ ਰੰਗ ਦਾ ਦਬਦਬਾ ਸੀ। ਮੇਯੂਨ, ਜੋ ਕਿ ਜ਼ਰੂਰੀ ਤੌਰ 'ਤੇ ਹਲਦੀ ਦੀ ਰਸਮ ਹੈ, ਬੇਸ਼ਕ, ਸਾਰਾ ਪੀਲਾ ਸੀ। ਸਾਡੀ ਮਹਿੰਦੀ ਵਿਚ ਬਹੁਤ ਸਾਰਾ ਗੁਲਾਬੀ ਦਿਖਾਇਆ ਗਿਆ ਹੈ। ਵਿਆਹ ਵਿਚ ਚਿੱਟੇ, ਸੋਨੇ ਅਤੇ ਲਵੈਂਡਰ ਪਹਿਨੇ ਹੋਏ ਸਨ। ਇਹ ਵਿਆਹ ਮਾਪਿਆ ਦੀ ਮਰਜ਼ੀ ਤੇ ਮੋਲੀ ਦੇ ਪਿਤਾ ਜੀ ਦੇ ਵਿਹੜੇ ਵਿਚ 200 ਮਹਿਮਾਨਾਂ ਦੇ ਨਾਲ ਹੋਇਆ ਸੀ। ਸਾਡੇ ਇੱਕ ਸਭ ਤੋਂ ਚੰਗੇ ਦੋਸਤ ਨੇ ਸਮਾਰੋਹ ਦਾ ਆਯੋਜਨ ਕੀਤਾ ਜਿਸ ਨੂੰ ਅਸੀਂ ਛੋਟਾ ਰੱਖਿਆ ਤਾਂ ਜੋ ਅਸੀਂ ਆਪਣੇ ਵਿਆਹ ਦਾ ਜ਼ਿਆਦਾਤਰ ਹਿੱਸਾ ਡਾਂਸ ਫਲੋਰ ਤੇ ਬਿਤਾ ਸਕੀਏ!&;ਸਾਡੇ ਦੋਸਤ ਅਤੇ ਪਰਿਵਾਰ ਸੱਚਮੁੱਚ ਇਕੱਠੇ ਹੋਏ ਸਾਡੀ ਨਜ਼ਰ ਨੂੰ ਇਕੱਠਾ ਕਰਨ ਵਿੱਚ ਸਹਾਇਤਾ ਕਰਨ ਲਈ ਇਕੱਠੇ ਹੋਏ। ਅਸੀਂ ਲਾਸ ਏਂਜਲਸ ਦੇ ਫੁੱਲ ਡਿਸਟ੍ਰਿਕਟ ਤੋਂ ਇੱਕ ਦਿਨ ਪਹਿਲਾਂ ਫੁੱਲਾਂ ਨੂੰ ਚੁਣਿਆ ਅਤੇ ਵਿਆਹ ਦੇ ਦਿਨ ਉਨ੍ਹਾਂ ਸਭ ਦਾ ਪ੍ਰਬੰਧ ਕੀਤਾ। ਹਰ ਛੋਟਾ ਜਿਹਾ ਵਿਸਥਾਰ ਸ਼ਾਨਦਾਰ ਸੀ ਅਤੇ ਸਾਡੇ ਵਿਸ਼ੇਸ਼ ਦਿਨ ਲਈ ਹਰੇਕ ਨੇ ਜੋ ਯੋਗਦਾਨ ਪਾਇਆ ਉਹ ਸੱਚਮੁੱਚ ਦਿਲ ਖਿੱਚਣ ਵਾਲਾ ਸੀ। ਇਸ ਵਿਆਹ ਦੀ ਚਰਚਾ ਏਨੀ ਹੈ ਕਿ ਹਰ ਕੋਈ ਜੋੜੀ ਨੂੰ ਖੜ ਖੜ ਵੇਖਦਾ ਹੈ, ਜਦੋਂ ਜੋੜੀ ਬਾਹਰ ਕਿਸੇ ਕਾਰਜ ਲਈ ਨਿਕਲਦੀ ਹੈ।

# ਗੁਜਰਾਤ ਵਿਚ ਦਲਿਤਾਂ ਅਤੇ ਮੁਸਲਮਾਨਾਂ ਨੂੰ ਘਰ-ਪ੍ਰਾਪਰਟੀ ਨਾ ਵੇਚਣ ਦਾ ਨਿਰਦੇਸ਼

**ਨਵੀਂ ਦਿੱਲੀ-** ਗੁਜਰਾਤ ਦੇ ਨਰਮਦਾ ਜ਼ਿਲ੍ਹੇ ਵਿਚ ਇਕ ਰਿਹਾਇਸ਼ੀ ਸੁਸਾਇਟੀ ਵਿਚ ਲੋਕਾਂ ਨੂੰ ਮੁਸਲਮਾਨਾਂ ਅਤੇ ਦਲਿਤਾਂ ਨੂੰ ਆਪਣੇ ਘਰ ਨਾ ਵੇਚਣ ਦੀ ਹਦਾਇਤ ਦੇਣ ਦੇ ਇਕ ਮਾਮਲੇ ਨੇ ਤੂਲ ਪਕੜ ਲਿਆ ਹੈ। ਮਾਮਲਾ ਜ਼ਿਲ੍ਹੇ ਦੇ ਨੰਦੋਦ ਤਹਿਸੀਲ ਵਿਚ ਸਥਿਤ ਵਾਡੀਆ ਪਿੰਡ ਵਿਚ ਬਣੀ ਕਾਲੋਨੀ ਦਾ ਹੈ। ਦਰਅਸਲ ਘਰ ਵੇਚਣ ਦੀ ਹਦਾਇਤ ਦੀ ਲਾਈਨ ਸੁਸਾਇਟੀ ਦੀ ਇਕ ਪੈਂਫਲਿਟ ਵਿਚ ਲਿਖੀ ਗਈ ਹੈ, ਹਾਲਾਂਕਿ ਬਾਅਦ ਵਿਚ ਦਾਅਵਾ ਕੀਤਾ ਗਿਆ ਕਿ ਇਹ ਸੁਸਾਇਟੀ ਦੀ ਬੈਠਕ ਵਿਚ ਚਰਚਾ ਕੀਤੇ ਜਾਣ ਵਾਲੇ ਏਜੰਟਾਂ ਦੀ ਸੂਚੀ ਦਾ ਹਿੱਸਾ ਸੀ। ਪੈਂਫਲਿਟ ਤੇ ਦਲਿਤ ਫਿਰਕੇ ਨੇ ਕਾਫੀ ਨਰਾਜ਼ਗੀ ਜ਼ਾਹਿਰ ਕੀਤੀ ਹੈ। ੀਰਵਾਰ ਨੂੰ ਸੋਸ਼ਲ ਮੀਡੀਆ ਵਿਚ ਵਾਇਰਲ ਹੋਏ ਪੈਂਫਲਿਟ ਵਿਚ ਸੁਸਾਇਟੀ ਵਿਚ ਆਗਾਮੀ ਤਿਓਹਾਰਾਂ ਦੇ ਨਾਲ ਨਾਲ ਸੰਪਤੀਆਂ ਦੀ ਵਿੱਕਰੀ ਤੇ ਲਗਾਏ ਜਾਣ ਵਾਲੇ ਟੈਕਸ ਅਤੇ ਸਮਾਜ ਦੀਆਂ ਸੰਸਕ੍ਰਿਤਕ ਘਟਨਾਵਾਂ ਬਾਰੇ ਕਈ ਬਿੰਦੂਆਂ ਦਾ ਵਰਣਨ ਕੀਤਾ ਗਿਆ। ਇਸ ਵਿਚ ਇਹ ਵੀ ਲਿਖਿਆ ਗਿਆ ਕਿ ਮੈਂਬਰਾਂ ਨੂੰ ਮੁਸਲਿਮ ਅਤੇ ਵਣਕਰ (ਦਲਿਤ) ਫਿਰਕਿਆਂ ਨੂੰ ਸੰਪਤੀ ਵੇਚਣ ਤੋਂ ਬਚਣਾ ਚਾਹੀਦਾ ਹੈ।


'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com



AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132
Harmandeep Singh

# ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਦੇ ਮੁੜ ਨਿਰਮਾਣ ਬਾਰੇ ਸੰਤਾਂ-ਮਹਾਂਪੁਰਸ਼ਾਂ ਵੱਲੋਂ ਕੇਂਦਰ ਸਰਕਾਰ ਨਾਲ ਮੀਟਿੰਗ

**ਦਿੱਲੀ–** ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਅਤੇ ਸ੍ਰੀ ਗੁਰੂ ਰਵਿਦਾਸ ਪੁਨਰਨਿਰਮਾਣ ਸੰਘਰਸ਼ ਕਮੇਟੀ ਦੇ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਭਾਰਤ ਭਰ ਤੋਂ ਸੰਤ ਮਹਾਂ-ਪੁਰਸ਼ਾਂ ਨੂੰ ਸੱਦਾ ਦੇ ਕੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਤੀਰਥ ਅਸਥਾਨ ਮੰਦਰ ਤੁਗਲਕਾਬਾਦ ਸਬੰਧੀ ਮੀਟਿੰਗ ਕੀਤੀ ਗਈ।ਇਹ ਮੀਟਿੰਗ ਕੇਂਦਰੀ ਮੰਤਰੀ ਸ੍ਰੀ ਭੁਪਿੰਦਰ ਯਾਦਵ ਦੇ ਗ੍ਰਹਿ ਵਿਖੇ ਕੀਤੀ ਗਈ, ਜਿਸ ਵਿਚ ਸ੍ਰੀ ਦੁਸ਼ੰਤ ਗੌਤਮ ਵੀ ਹਾਜ਼ਰ ਸਨ। ਇਸ ਮੀਟਿੰਗ ਵਿਚ ਕੇਂਦਰਦੀ ਸਰਕਾਰ ਦੇ ਨੁਮਾਇੰਦਿਆਂ ਨੇ ਸਮੂਹ ਸੰਤ ਮਹਾਂਪੁਰਸ਼ਾਂ ਨੂੰ ਇਹ ਪੂਰਨ ਯਕੀਨ ਦਿਵਾਇਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਦਾ ਮੁੜ ਨਿਰਮਾਣ ਉਸੇ ਸਥਾਨ ’ਤੇ ਕੀਤਾ ਜਾਵੇਗਾ ਅਤੇ ਉਸੇ ਸਥਾਨ ’ਤੇ ਹੀ ਸਰੋਵਰ ਵੀ ਬਣਾਏ ਜਾਣਗੇ। ਉਹਨਾਂ ਕਿਹਾ



ਕਿ 13 ਸਤੰਬਰ ਨੂੰ ਸੁਪਰੀਮ ਕੋਰਟ ਵਿਚ ਇਸ ਕੇਸ ਸਬੰਧੀ ਤਾਰੀਖ ਹੈ, ਜਿਸ ਵਿਚ ਸਰਕਾਰ ਵੱਲੋਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਆਪਣਾ ਪੱਖ ਰੱਖ ਕੇ ਮੰਦਰ ਦੇ ਮੁੜ ਨਿਰਮਾਣ ਦੀ ਹਾਮੀ ਭਰੀ ਜਾਵੇਗੀ।

ਸੰਤ ਸਤਵਿੰਦਰ ਹੀਰਾ ਨੇ ਦੱਸਿਆ ਕਿ ਸਰਕਾਰ ਵੱਲੋਂ ਇਹ ਵੀ ਯਕੀਨ ਦਿਵਾਇਆ ਗਿਆ ਕਿ ਜੋ ਵੀ ਆਦਿ ਧਰਮੀ ਨੌਜਵਾਨ ਚਾਹੇ ਉਹ ਪੰਜਾਬ ਤੋਂ ਹਨ ਜਾਂ ਕਿਸੇ ਹੋਰ ਥਾਵਾਂ ਤੋਂ ਹਨ, ਉਹਨਾਂ ਨੂੰ ਵੀ ਜਲਦ ਹੀ ਰਿਹਾਅ ਕਰਕੇ ਉਹਨਾਂ ਨੂੰ ਆਪਣੇ ਆਪਣੇ ਘਰ ਭੇਜਿਆ ਜਾਵੇਗਾ। ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸਰਕਾਰ ਵੱਲੋਂ ਸੱਦੀ ਗਈ ਇਸ ਮੀਟਿੰਗ ਵਿਚ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਮਹੰਤ ਪ੍ਰਸ਼ੋਤਮ ਦਾਸ ਦੇਹਰਾ ਚੱਕ ਹਕੀਮ ਫਗਵਾੜਾ, ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਪ੍ਰਘਾਨ ਸੰਤ ਸੁਰਿੰਦਰ ਦਾਸ ਨੇ ਵੀ ਉਚੇਚੇ ਤੌਰ ’ਤੇ ਪੁੱਜ ਕੇ ਹਾਜਰੀ ਭਰੀ।

# ਸ੍ਰੀ ਰਾਜ ਰਤਨ ਅੰਬੇਡਕਰ (ਪੜਪੋਤਰਾ ਬਾਬਾ ਸਾਹਿਬ ਜੀ) ਨੇ ਕੀਤੀ ਬਾਬੂ ਮੰਗੂਰਾਮ ਮੁੱਗੋਵਾਲੀਆ ਦੀ ਪ੍ਰਸ਼ੰਸ਼ਾ

**ਨਵਾਂ ਸ਼ਹਿਰ–** ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਦੀ ਰਿਹਾਈ ਲਈ ਨਵਾਂ ਸ਼ਹਿਰ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿਚ ਬਾਬਾ ਸਾਹਿਬ ਬੀ. ਆਰ. ਅੰਬੇਡਕਰ ਜੀ ਦੇ ਪੜਪੋਤਰੇ ਸ੍ਰੀ ਰਾਜ ਰਤਨ ਅਸ਼ੋਕ ਅੰਬੇਡਕਰ ਨੇ ਸ਼ਿਰਕਤ ਕੀਤੀ। ਇਸ ਰੋਸ ਪ੍ਰਦਰਸ਼ਨ ਵਿਚ ਬਾਬਾ ਸਾਹਿਬ ਦੇ ਪੜਪੋਤਰੇ ਨੇ ਸੰਗਤਾਂ ਨੂੰ ਦੱਸਿਆ ਕਿ ਜਦੋਂ ਲੰਡਨ ਗੋਲਮੇਜ ਕਾਨਫਰੰਸ ਵਿਚ ਗਾਂਧੀ ਨੇ ਕਿਹਾ ਕਿ ਮੈਂ ਭਾਰਤ ਦੇਸ਼ ਦੇ ਅਛੂਤਾਂ ਦਾ ਨੇਤਾ ਹਾਂ ਤੇ ਅੰਬੇਡਕਰ ਅਛੂਤਾਂ ਦਾ ਨੇਤਾ ਨਹੀਂਹੈ। ਉਸ ਸਮੇਂ ਆਦਿ ਧਰਮ ਮੰਡਲ ਦੀ ਲਹਿਰ ਚਲਾਉਣ ਵਾਲੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਪਣੇ ਸਾਥੀਆਂ ਸਮੇਤ ਖੂਨ ਨਾਲ ਖਤ ਲਿਖ ਕੇ ਭੇਜੇ ਕਿ ਬਾਬਾ ਸਾਹਿਬ ਅੰਬੇਡਕਰ ਜੀ ਹੀ ਸਾਡੇ ਅਛੂਤਾਂ ਦੇ ਨੇਤਾ ਹਨ। ਕਿਉ-ਂਕਿ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਨੇ ਕਿਹਾ ਸੀ ਕਿ ਬ੍ਰਾਹ-ਮਣਾਂ ਦਾ ਖੂਨ ਇਸ ਦੇਸ਼ ਦੇ ਮੂਲ ਨਿਵਾਸੀਆਂ ਨਾਲ ਨਹੀਂ ਮਿਲੇਗਾ ਅਤੇ ਬਾਬਾ ਸਾਹਿਬ ਦਾ ਖੂਨ ਸਾਡੇ ਨਾਲ ਮੈਚ ਕਰੇਗਾ ਕਿਉਂਕਿ ਉਹ ਸਾਡੇ ਆਦਿ ਧਰਮੀ (ਮੂਲਨਿ-ਵਾਸੀ) ਲੋਕਾਂ ਦੇ ਨੇਤਾ ਹਨ। ਇਸ ਲਈ ਗਾਂਧੀ ਸਾਡਾ ਨੇਤਾ ਨਹੀਂ ਹੈ। ਬਾਬਾ ਸਾਹਿਬ ਅੰਬੇਡਕਰ ਜੀ ਸਾਡੇ ਨੇਤਾ ਹਨ।




ਇਸ ਦੇ ਨਾਲ ਹੀ ਰਾਜ ਰਤਨ ਅੰਬੇਡਕਰ ਜੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਨੂੰਵਾਦੀਆਂ ਨਾਲ ਲੜਾਈ ਲੜਨ ਲਈ ਇਕ ਪਲੇਟਫਾਰਮ ’ਤੇ ਆਉਣਾ ਹੋਵੇਗਾ। ਕਿਉਂਕਿ ਜ਼ੁਲਮ ਕਰਨ ਵਾਲਾ ਬ੍ਰਾਹਮਣਵਾਦ ਸਾਰਿਆਂ ਤੇ ਜ਼ੁਲਮ ਕਰ ਰਿਹਾ ਹੈ ਤੇ ਅਸੀਂ ਵੀ ਅਲੱਗ-ਅਲੱਗ ਲੜਨ ਦੀ ਬਜਾਏ ਇਕੱਠੇ ਹੋ ਕੇ ਲੜੀਏ। ਇਸ ਮੌਕੇ ਉਹਨਾਂ ਨੇ ਬਾਬੂ ਕਾਂਸ਼ੀ ਰਾਮ ਦੀ ਪ੍ਰਸ਼ੰਸ਼ਾ ਕੀਤੀ ਅਤੇ ਉਹਨਾਂ ਨੂੰ ਵੀ ਦਲਿਤਾਂ ਦੇ ਮਸੀਹਾ ਦੱਸਿਆ। ਇਸਦੇ ਨਾਲ ਹੀ ਆਉਣ ਵਾਲੇ ਸਮੇਂ ਵਿਚ ਮੋਹਨ ਭਾਗਵਤ ਤੇ ਰਸੂਕਾ ਲਗਾਉਣ ਲਈ ਵੀ ਅੰਦੋਲਨ ਕਰਨ ਦਾ ਐਲਾਨ ਕੀਤਾ। ਇਸ ਭਾਸ਼ਣ ਦੇ ਅੰਤ ਵਿਚ ਰਾਜ ਰਤਨ ਅੰਬੇਡਕਰ ਨੇ ਕਿਹਾ ਕਿ ਜਦੋਂ ਤੱਕ ਸਾਡੇ ਮਿਸ਼ਨਰੀ ਸਾਥੀ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਪ੍ਰਸ਼ਾਸਨ ਰਿਹਾਅ ਨਹੀਂ ਕਰਦਾ, ਉਦੋਂ ਤੱਕ ਇਹ ਰੋਸ ਪ੍ਰਦਰਸ਼ਨ ਇਸੇ ਤਰ੍ਹਾਂ ਹੀ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਕਾਂਤੀ ਮੋਹਨ ਨੇ ਰਾਜ ਰਤਨ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੀ ਲੜਾਈ ਉਦੋਂ ਤੱਕ ਲੜਦੇ ਰਹਿਣਗੇ, ਜਦੋਂ ਤੱਕ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਰਿਹਾਅ ਨਹੀਂ ਕੀਤਾ ਜਾਂਦਾ। **ਰਿਪੋਰਟ: ਰਾਜ ਢੰਡਾ**

# ਸ਼ਿੰਗਾਰਾ ਰਾਮ ਸਹੂੰਗੜਾ ਨੇ ਕਿਸੇ ਵੀ ਧਰਮ ਅਤੇ ਕੌਮ ਨੂੰ ਕੋਈ ਠੇਸ ਨਹੀਂ ਪਹੁੰਚਾਈ: ਸਿਮਰਨਜੀਤ ਸਿੰਘ ਮਾਨ

**ਪਟਿਆਲਾ–** ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਜੋ ਨਵਾਂ ਸ਼ਹਿਰ ਅਤੇ ਬਲਾਚੌਰ ਤੋਂ ਵਿਧਾਇਕ ਰਹਿ ਚੁੱਕੇ ਹਨ, ਨੇ ਕਿਸੇ ਵੀ ਧਰਮ, ਕੌਮ, ਫਿਰਕੇ ਆਦਿ ਦੀਆਂ ਭਾਵਨਾਵਾਂ ਨੂੰ ਕੋਈ ਠੇਸ ਨਹੀਂ ਪਹੁੰਚਾਈ ਪਰ ਇਸ ਦੇ ਬਾਵਜੂਦ ਸਰਕਾਰ ਵੱਲੋਂ ਸਹੂੰਗੜਾ ’ਤੇ ਝੂਠੇ ਕੇਸ ਦਰਜ ਕਰ ਦਿੱਤੇ ਗਏ ਹਨ, ਉਚੇ-ਸੁੱਚੇ ਇਖਲਾਕ ਵਾਲੇ ਅਤੇ ਲੋਕ ਹੱਕਾਂ ਤੇ ਇਨਸਾਫ ਲਈ ਜੂਝਣ ਵਾਲੀ ਸ਼ਖਸੀਅਤ ਹਨ ਪਰ ਅਫਸੋਸ ਹੈ ਕਿ ਉਹਨਾਂ ਦੀ ਪਾਰਟੀ ਬਸਪਾ ਵੱਲੋਂ ਸ੍ਰੀ ਸਹੂੰਗੜਾ ਦੇ ਹੱਕ ਵਿਚ ਕੋਈ ਆਵਾਜ਼ ਨਹੀਂ ਉਠਾਈ ਜਾ ਰਹੀ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ’ਤੇ ਝੂਠੇ ਕੇਸ ਦਰਜ ਕਰਕੇ ਉਹਨਾਂ ਨੂੰ ਸਰਕਾਰੀ ਦਹਿਸ਼ਤਗਰਦੀ ਹੇਠ ਅਧੀਨਗੀ ਪ੍ਰਵਾਨ ਕਰਨ ਦੇ ਕੀਤੇ ਜਾ ਰਹੇ ਕੋਝੇ ਯਤਨਾਂ ਦੀ ਪੁਰਜ਼ੋਰ ਨਿਖੇਧੀ ਕਰਦੇ ਹੋਏ ਅਤੇ ਬੀ. ਐਸ. ਪੀ. ਵੱਲੋਂ ਆਪਣੇ



ਵਿਧਾਇਕ ਦੇ ਕੇਸ ਦੀ ਪੈਰਵੀ ਨਾ ਕਰਨ ਦੇ ਅਮਲਾਂ ਉਤੇ ਹੈਰਾਨੀ ਜ਼ਾਹਿਰ ਕਰਦੇ ਹੋਏ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕਦਰਾਂ/ਕੀਮਤਾਂ ਤੇ ਪਹਿਰਾ ਦੇਣ ਵਾਲੀ ਪਾਰਟੀ ਹੈ, ਜੋ ਅੱਛੇ ਸਮਾਜ ਅਤੇ ਆਜ਼ਾਦ ਬਾਦਸ਼ਾਹੀ ਸਿੱਖ ਰਾਜ ਜਮਹੂਰੀਅਤ ਢੰਗਾਂ ਰਾਹੀਂਕਾਇਮ ਕਰਨ ਲਈ ਯਤਨਸ਼ੀਲ ਹੈ। ਜੇਕਰ ਬਸਪਾ ਆਪਣੇ ਆਗੂ ਦੇ ਕੇਸਾਂ ਦੀ ਪੈਰਵਾਈ ਨਹੀਂ ਕਰਦੀ ਤਾਂ ਅਸੀਂ ਸ੍ਰੀ ਸਹੂੰਗੜਾ ਵਰਗੇ ਆਗੂਆਂ ਦੇ ਕੇਸਾਂ ਦੀ ਪੈਰਵੀ ਕਰਨ ਨੂੰ ਫਖਰ ਸਮਝਾਂਗੇ। ਸ. ਮਾਨ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਪਾਰਟੀ ਦੇ ਫੈਸਲੇ ਅਨੁਸਾਰ ਪਾਰਟੀ ਜਨਰਲ ਸਕੱਤਰ ਸ. ਅਮਰੀਕ ਸਿੰਘ ਬੱਲੋਵਾਲ ਸ੍ਰੀ ਸਹੂੰਗੜਾ ਪਰਿਵਾਰ ਨੂੰ ਮਿਲੇ ਸਨ ਅਤੇ ਸਹੂੰਗੜਾ ਦੇ ਪੁੱਤਰ ਜਗਬੀਰ ਸਿੰਘ ਸਿੱਧੂ ਨੂੰ ਭਰੋਸਾ ਦਿਵਾਇਆ ਹੈ ਕਿ ਹਾਈਕੋਰਟ ਜਾਂ ਸੁਪਰੀਮ ਕੋਰਟ ਤੱਕ ਅੰਮ੍ਰਿਤਸਰ ਦਲ ਹਰ ਤਰ੍ਹਾਂ ਨਾਲ ਪਰਿਵਾਰ ਦਾ ਸਹਿਯੋਗ ਕਰੇਗਾ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਐਸਰੋ ਕੈਨੇਡਾ ਵਲੋਂ ਕੀਤਾ ਗਿਆ ਰੋਸ ਮੁਜ਼ਾਹਰਾ




**ਵੈਨਕੂਵਰ (ਕੈਨੇਡਾ) (ਬਿਊਰੋ)–** ਭਾਰਤ ਵਿੱਚ (ਦਿੱਲੀ) ਦੇ ਤੁਗਲਕਾਵਾਦ ਵਿਖੇ ਰਵਿਦਾਸੀਆ ਭਾਈਚਾਰੇ, ਜਗਤ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਮੰਦਰ ਨੂੰ ਢਹਿ ਢੇਰੀ ਕਰਨ ਦੇ ਖਿਲਾਫ ਸਰ੍ਹੀ ਵਿਖੇ Ambedkar International Social Reform Organization Reg. ( AISRO) Canada ਵਲੋਂ Sunday, August 18, 2019 ਨੂੰ ਸਰੀ ਦੇ Holland Park ਵਿੱਚ ਸ਼ਾਤੀ ਪੂਰਵਿਕ ਰੋਸ ਮਜ਼ਾਰਾ ਕੀਤਾ ਗਿਆ। ਇਥੇ ਜਿਕਰਯੋਗ ਹੈ ਕਿ ਤੁਗਲਕਾਵਾਦ, ਦਿੱਲੀ ਵਿੱਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੁਰਾਤਨ ਇਤਿਹਾਸਕ ਮੰਦਰ ਨੂੰ ਬ੍ਰਹਮਣਵਾਦੀ ਵਿਚਾਰ ਧਾਰਾ ਅਧੀਨ ਭਾਰਤੀ ਸਰਕਾਰ ਵਲੋਂ ਢਹਿ ਢੇਰੀ ਕਰ ਦਿੱਤਾ ਗਿਆ। ਜਿਸ ਕਰਕੇ ਸਾਰਾ ਬਹੁਜਨ ਭਾਈਚਾਰਾ ਭਾਰੀ ਰੋਹ ਵਿੱਚ ਦੁਖੀ ਹੈ। ਕਸ਼ਮੀਰ ਵਿੱਚ ਵੀ ਸਾਡੇ ਮੁਸਲਮਾਨ ਭਰਾਵਾਂ ਤੇ ਗੈਰ ਸੰਵਿਧਾਨਕ (ਧਾਰਾ 370 ਅਧੀਨ ਨੂੰ ਖੱਤਮ ਕਰਕੇ) ਅਤਿਆਚਾਰ ਹੋ ਰਹੇ ਹਨ। ਭਾਰਤੀ ਕਾਨੂੰਨ ਦੇ ਰੱਖਵਾਲੇ ਅਤੇ ਭਾਰਤੀ ਮੀਡੀਆ ਮੋਦੀ ਸਰਕਾਰ ਦੀ ਕੱਠਪੁਤਲੀ ਬਣ ਕੇ ਰਹਿ ਗਏ ਹਨ।ਜਿਸ ਕਰਕੇ ਦਲਿਤ ਅਤੇ ਘੱਟ ਗਿਣਤੀ ਦੇ ਭਾਈਚਾਰਿਆਂ ਤੇ ਹਿੰਦੂ ਜਥੇਬੰਦੀਆਂ ਵਲੋਂ ਆਏ ਦਿਨ ਜੁਲਮ ਹੋ ਰਹੇ ਹਨ! ਸ਼ਾਤਮਈ ਰੋਸ ਮਜ਼ਾਰੇ ਵਿੱਚ ਸਰਦਾਰ ਹਰਦੀਪ ਸਿੰਘ ਨਿੱਝਰ ਪ੍ਰਧਾਨ ਸਰ੍ਹੀ-ਡੈਲਟਾ ਗੁਰੂ ਨਾਨਕ ਸਿੱਖ ਗੁਰਦੁਵਾਰਾ ਵਲੋਂ ਜਗਤ, ਗੁਰੂ ਰਵਿਦਾਸ ਜੀ ਦੇ ਇਤਿਹਾਸਕ ਮੰਦਰ ਨੂੰ ਗੈਰ ਸੰਵਿਧਾਨਕ ਤਰੀਕੇ ਨਾਲ ਭਾਰਤੀ ਸਰਕਾਰ ਵਲੋਂ ਨਾਲ ਢਹਿ ਢੇਰੀ ਕਰਨ ਦੀ ਸਖਤ ਨਿੰਦਿਆ ਕੀਤੀ। ਸਰਦਾਰ ਲੱਡੂ ਸਿੰਘ ਖਾਲਸਾ ਨੇ ਕਿ ਪੰਜਾਬ ਦੀ ਅਕਾਲੀ, ਕਾਗਰਸ, ਆਮ ਆਦਮੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀਆਂ ਦੀ ਘੋਰ ਨਿਦਿਆ ਕੀਤੀ।

ਭੈਣ ਮਾਇਆਵਤੀ, ਸ਼੍ਰੀ ਗੁਰੂ ਰਵਿਦਾਸ ਜੀ ਦੇ ਪੁਰਾਤਨ ਇਤਿਹਾਸਕ ਮੰਦਰ ਨੂੰ ਢਾਹ ਢੇਰੀ ਕਰ ਦੇਣ ਉਪਰਤ ਚੁਪ ਰਹਿਣਾ ਸਮਾਜ ਨੂੰ ਸੋਚਣ ਵਾਸਤੇ ਮਜਬੂਰ ਕਰ ਦਿੱਤਾ।

ਉਨਾਂ ਨੇ ਦੱਸਿਆ ਕਿ ਸਾਨੂੰ ਇੱਕਠਿਆ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਸਰਦਾਰ ਵਰਿੰਦਰ ਸਿੰਘ, ਅਵਤਾਰ ਸਿੰਘ, ਤਰਲੋਚਨ ਸਿੰਘ ਸੋਹਲ, ਸੁਖਵਿੰਦਰ ਸਿੰਘ ਭਾਰਦਵਾਜ, ਰਕੇਸ਼ ਕੁਮਾਰ, ਸੀਤਾ ਰਾਮ ਅਹੀਰ, ਮਦਨ ਕਰ੍ਹੜਾ, ਗੁਰਮੇਲ ਸਿੰਘ ਪਾਲ, ਗੁਰਚਰਨ ਦਾਸ ਬੰਗੜ, ਕੁਲਵਿੰਦਰ ਕੌਰ, ਆਸ਼ਾ ਰਾਣੀ, ਗਗਨਦੀਪ ਕੌਰ, ਸੁਖਵਿੰਦਰ ਸਿੰਘ ਸੁਖਹਾ, ਗੋਲਡੀ ਦਿਉ ਅਤੇ ਸਰ੍ਹੀ-ਡੈਲਟਾ ਗੁਰੂ ਨਾਨਕ ਸਿੱਖ ਗੁਰਦੁਵਾਰਾ ਦੇ ਸਮੂਹ ਕਮੇਟੀ ਮੈਂਬਰਾਂ ਨੇ ਜਗਤ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਮੰਦਰ ਨੂੰ ਭਾਰਤੀ ਸਰਕਾਰ ਵਲੋਂ ਗੈਰ ਸੰਵਿਧਾਨਕ ਤਰੀਕੇ ਨਾਲ ਢਹਿ ਢੇਰੀ ਕਰਨ ਦੀ ਸੱਖਤ ਨਿੰਦਿਆ ਕੀਤੀ।

# ਸਹੂੰਗੜਾ 'ਤੇ ਝੂਠੇ ਪਰਚੇ ਦਰਜ ਕਰਨ ਵਿਰੁੱਧ ਡੀ. ਐਸ. ਪੀ. ਨਵਾਂ ਸ਼ਹਿਰ ਦੇ ਦਫਤਰ ਮੂਹਰੇ ਰੋਸ ਧਰਨਾ



**ਜਲੰਧਰ (ਤਰਸੇਮ ਜਲੰਧਰੀ)–** ਸਾਬਕਾ ਵਿਧਾਇਕ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ 'ਤੇ ਝੂਠੇ ਕੇਸ ਰੱਦ ਕਰਵਾਉਣ ਅਤੇ ਉਸ ਨੂੰ ਜੇਲ੍ਹ ਵਿਚੋਂ ਰਿਹਾਅ ਕਰਵਾਉਣ ਲਈ ਬਹੁਜਨ ਸਮਾਜ ਵੱਲੋਂ ਡੀ. ਐਸ. ਪੀ. ਨਵਾਂ ਸ਼ਹਿਰ ਦੇ ਦਫਤਰ ਸਾਹਮਣੇ ਰੋਸ ਧਰਨਾ ਜਾਰੀ ਹੈ। ਅਣਮਿੱਥੇ ਸਮੇਂ ਲਈ ਅਤੇ ਸਹੂੰਗੜਾ ਦੀ ਰਿਹਾਈ ਤੱਕ ਰੋਸ ਧਰਨਾ ਜਾਰੀ ਰੱਖਣ ਦਾ ਫੈਸਲਾ ਸਰਪੰਚ ਕ੍ਰਾਂਤੀ ਮੋਹਣ ਅਤੇ ਬਹੁਜਨ ਸਮਾਜ ਦੇ ਲੀਡਰਾਂ ਵੱਲੋਂ ਕੀਤਾ ਗਿਆ। ਅੱਜ ਦੇ ਇਸ ਧਰਨੇ ਨੂੰ ਸੰਬੋਧਨ ਕਰਨ ਲਈ ਦਿੱਲੀ ਦੇ ਐਮ. ਐਲ. ਏ. ਸ੍ਰੀ ਸੰਦੀਪ ਵਾਲਮੀਕੀ, ਐਡਵੋਕੇਟ ਹਰਭਜਨ ਸਾਂਪਲਾ ਜਲੰਧਰ, ਦੇਸ ਰਾਜ ਚੌਹਾਨ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ ਬ੍ਰਾਂਚ ਲੁਧਿਆਣਾ ਅਤੇ ਐਡਵੋਕੇਟ ਕ੍ਰਿਸ਼ਨ ਭੁੱਟਾ ਗੜ੍ਹਸ਼ੰਕਰ ਵੀ ਵਿਸ਼ੇਸ਼ ਤੌਰ ਤੇ ਧਰਨੇ ਦੀ ਹਮਾਇਤ ਵਿਚ ਪਹੁੰਚੇ। ਦਿੱਲੀ ਦੇ ਵਿਧਾਇਕ ਸੰਦੀਪ ਵਾਲਮੀਕੀ ਨੇ ਕਿਹਾ ਕਿ ਨਵਾਂ ਸ਼ਹਿਰ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਸ੍ਰੀ ਸਹੂੰਗੜਾ ਵਿਰੁੱਧ ਝੂਠੇ ਮੁਕੱਦਮੇ ਵਾਪਸ ਲੈ ਕੇ ਉਸ ਨੂੰ ਰਿਹਾਅ ਕੀਤਾ ਜਾਵੇ।





31 ਅਗਸਤ 2019 ਨੂੰ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਦੇ ਆਸ਼ੀਰਵਾਦ ਦੇ ਨਾਲ ਬਹੁਜਨ ਫਰੰਟ ਪੰਜਾਬ ਦੇ ਹਜਾਰਾਂ ਸਾਥੀਆਂ ਦੇ ਨਾਲ ਬਠਿੰਡਾ ਬਾਦਲ ਪਿੰਡ ਵਿਖੇ ਬੀਬੀ ਹਰਸਿਮਰਤ ਕੋਰ ਦੀ ਕੋਠੀ ਦਾ ਘਿਰਾਓ ਕੀਤਾ ਗਿਆ। ਇਸ ਮੌਕੇ ਦਿੱਲੀ ਤਿਹਾੜ ਜੇਲ ਵਿੱਚ 23 ਨੌਜਵਾਨ, ਜੋ ਪੰਜਾਬ ਤੋ ਹਨ, ਉਹਨਾਂ ਸਾਥੀਆਂ 'ਚੋਂ 2 ਸਾਥੀ ਬਠਿੰਡਾ ਤੋ ਹਨ। ਉਹਨਾਂ ਦੇ ਪਰਿਵਾਰ ਨੂੰ ਬਹੁਜਨ ਫਰੰਟ ਪੰਜਾਬ ਵਲੋ 20-20 ਹਜਾਰ ਦੀ ਮਾਲੀ ਸਹਾਇਤਾ ਵੀ ਦਿੱਤੀ ਗਈ। **ਤਸਵੀਰਾਂ ਅਤੇ ਵੇਰਵਾ– ਮਨਜੀਤ ਸੋਨੂੰ**

# ਭਾਰਤੀ ਦਲਿਤ ਸਾਹਿਤ ਅਕੈਡਮੀ ਨੇ ਮਨਾਇਆ ਗੀਤਕਾਰ ਸ਼ੈਲੇਂਦਰ ਦਾ ਜਨਮ ਦਿਨ



**ਮੁਜ਼ੱਫਰਪੁਰ–** ਮਸ਼ਹੂਰ ਗੀਤਕਾਰ ਸ਼ੈਲੇਂਦਰ ਦੀ ਜਨਮ ਦਿਨ ਮਨਾਉਣ ਲਈ ਭਾਰਤੀ ਦਲਿਤ ਸਾਹਿਤ ਅਕੈਡਮੀ ਦੇ ਸੱਦੇ ਤੇ ਜੂਰਨ ਛਪਰਾ ਵਿਚ ਆਯੋਜਿਤ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਅਤੇ ਉਹਨਾਂ ਦਾ 96ਵਾਂ ਜਨਮ ਦਿਨ ਧੂੰਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹੇ ਦੇ ਕਲਾਕਾਰਾਂ ਨੇ ਸ਼ੈਲੇਂਦਰ ਦੇ ਗੀਤ ਗਾ ਕੇ ਉਹਨਾਂ ਨੂੰ ਯਾਦ ਕੀਤਾ। ਇਸ ਮੌਕੇ 'ਤੇ ਸਤਿੰਦਰ ਕੁਮਾਰ ਸਤਿਅਨ, ਰਾਮਵਰੁਕਸ਼ ਰਾਮ ਚਕਪੁਰੀ, ਵੀਰੇਂਦਰ ਚੌਧਰੀ, ਡਾ. ਸ਼ਿਵਦਾਸ ਪਾਂਡੇ, ਡਾ. ਸ਼ੈਲ ਕੁਮਾਰੀ, ਸ਼ਤਰੂਨੰਦਨ ਪ੍ਰਸਾਦ, ਡਾ. ਵਿਦੇਸ਼ਵਰੀ ਪ੍ਰਸਾਦ ਠਾਕੁਰ, ਡਾ. ਕੇ. ਕੇ. ਸੁੰਮਨ, ਡਾ. ਸ਼ਿਵਕੁਮਾਰ ਰਾਮ, ਮਹਿੰਦਰ ਨਰਾਇਣ ਆਦਿ ਹਾਜ਼ਰ ਸਨ।

# ਮੰਦਰਾਂ ਵਿਚ ਨਹੀਂ ਦਿੱਤਾ ਜਾਂਦਾ ਪ੍ਰਵੇਸ਼

**ਰੋਹੜੂ–** ਦਲਿਤ ਸ਼ੋਸ਼ਣ ਮੁਕਤੀ ਮੰਚ ਰੋਹੜੂ ਇਕਾਈ ਨੇ ਦਲਿਤਾਂ ਅਤੇ ਸਮਾਜ ਵਿਚ ਪੱਛੜੇ ਵਰਗਾਂ ਦੇ ਨਾਲ ਹੋ ਰਹੀਆਂ ਘਟਨਾਵਾਂ ਅਤੇ ਸਮਾਜਿਕ ਵਿਤਕਰੇ ਦੇ ਖ਼ਿਲਾਫ਼ ਸਰਕਾਰ ਤੋਂ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਮੰਚ ਦੇ ਇਕ ਪ੍ਰਤੀਨਿਧੀ ਮੰਡਲ ਨੇ ਐਸ. ਡੀ. ਐਮ. ਰੋਹੜੂ ਬੀ. ਆਰ. ਸ਼ਰਮਾ ਨੂੰ ਮਿਲ ਕੇ ਆਪਣੀਆਂ ਸ਼ਿਕਾਇਤਾਂ ਨੂੰ ਰੱਖਦੇ ਹੋਏ ਇਕ ਮੈਮੋਰੰਡਮ ਰਾਜਪਾਲ ਦੇ ਨਾਂ ਸੌਂਪਿਆ।

ਦਲਿਤ ਸ਼ੋਸ਼ਣ ਮੁਕਤੀ ਮੰਚ ਦਾ ਕਹਿਣਾ ਹੈ ਕਿ ਅੱਜ ਵੀ ਵੱਖ-ਵੱਖ ਸਰਕਾਰੀ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ ਵਿਚ ਦਲਿਤ ਸਮਾਜ ਦੇ ਬੱਚਿਆਂ ਨੂੰ ਭੋਜਨ ਖਾਣ ਦੇ ਲਈ ਅਲੱਗ ਤੋਂ ਬਿਠਾਇਆ ਜਾਂਦਾ ਹੈ। ਉਥੇ ਮੰਦਰਾਂ ਵਿਚ ਵੀ ਪ੍ਰਦੇਸ਼ ਕਰਨ ਨਹੀਂ ਦਿੱਤਾ ਜਾਂਦਾ। ਇਸਦੇ ਨਾਲ ਹੀ ਦਲਿਤ ਲੋਕਾਂ ਦੇ ਨਾਲ ਹਰ ਰੋਜ਼ ਮਾਰ ਕੁੱਟ ਦੀਆਂ ਘਟਨਾਵਾਂ ਹੋਣਾ ਆਮ ਗੱਲ ਹੋ ਕੇ ਰਹਿ ਗਈ ਹੈ। ਕੇਦਾਰ ਜਿਦਾਨ ਅਤੇ ਰਜਤ ਦੀ ਹੱਤਿਆ ਇਸਦੀ ਇਕ ਵੱਡੀ ਉਦਾਹਰਣ ਹੈ, ਜਿਸਨੂੰ ਲੈ ਕੇ ਮੰਚ ਮੰਗ ਕਰਦਾ ਹੈ ਕਿ ਸਰਕਾਰ ਉਹਨਾਂ ਦੇ ਸ਼ੋਸ਼ਣ ਦੇ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨ ਲਿਆ ਕੇ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਕਰੇ।

# ਜੰਤਰ ਮੰਤਰ 'ਤੇ ਦਲਿਤ ਸਮਾਜ ਹੋਇਆ ਇੱਕਜੁਟ

**ਨਵੀਂ ਦਿੱਲੀ (ਬਿਊਰੋ)--** ਬੀਤੇ ਦਿਨੀਂ ਦਿੱਲੀ ਦੇ ਤੁਗਲਕਾਬਾਦ ਇਲਾਕੇ ਵਿਚ ਤੋੜੇ ਗਏ ਗੁਰੂ ਰਵਿਦਾਸ ਮੰਦਰ ਨੂੰ ਫਿਰ ਤੋਂ ਬਣਵਾਉਣ ਦੀ ਮੰਗ ਨੂੰ ਲੈ ਕੇ ਦਲਿਤ ਸਮਾਜ ਨੇ ਜੰਤਰ ਮੰਤਰ ਤੇ ਅਨਿਸਚਿਤ ਕਾਲੀ ਸੰਕੇਤਕ ਧਰਨਾ ਦਿੱਤਾ। ਇਸ ਧਰਨੇ ਪ੍ਰਦਰਸ਼ਨ ਵਿਚ ਲੋਕਾਂ ਨੇ ਮੰਗ ਕੀਤੀ ਕਿ ਗੁਰੂ ਰਵਿਦਾਸ ਦਾ ਮੰਦਰ ਉਸੇ ਥਾਂ ਬਣਾਇਆ ਜਾਵੇ, ਜਿੱਥੇ ਮੰਦਰ ਤੋੜਿਆ ਗਿਆ। ਜੇਕਰ ਮੰਦਰ ਮੂਲ ਸਥਾਨ ਤੇ ਨਹੀਂ ਬਣਾਇਆ ਗਿਆ ਤਾਂ ਦਲਿਤ ਸਮਾਜ ਨੇ ਫਿਰ ਤੋਂ ਸਰਕਾਰ ਦੇ ਖਿਲਾਫ ਅੰਦੋਲਨ ਕਰਨ



ਦੀ ਚਿਤਾਵਨੀ ਦਿੱਤੀ ਹੈ। ਇਸ ਧਰਨੇ ਦਾ ਆਯੋਜਨ ਗੁਰੂ ਰਵਿਦਾਸ ਜੈਅੰਤੀ ਸਮਾਰੋਹ ਕਮੇਟੀ ਤੁਗਲਕਾਬਾਦ ਦੁਆਰਾ ਕੀਤਾ ਗਿਆ। ਇਸ ਮੌਕੇ 'ਤੇ ਅਖਿਲ ਭਾਰਤੀ ਰਵਿਦਾਸੀਆ ਧਰਮ ਸੰਗਠਨ ਦੇ ਕੌਮੀ ਪ੍ਰਧਾਨ ਸੰਤ ਸੁਖਦੇਵ ਬਾਘਮਰੇ, ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਪੋਲਿਟ ਬਿਊਟ ਦੀ ਮੈਂਬਰ ਵਰਿੰਦਾ ਕਰਾਤ, ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਰਾਜੇਸ਼ ਲੀਲੋਠੀਆ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਵਿਸ਼ੇਸ਼ ਰਵੀ, ਸਾਬਕਾ ਮੰਤਰੀ ਭਜਮਨ ਬਹਿਰਾ ਅਤੇ ਆਲ ਇੰਡੀਆ ਅੰਬੇਡਕਰ ਮਹਾਂਸਭਾ ਦੇ ਉਤਰ ਪ੍ਰਦੇਸ਼ ਦੇ ਪ੍ਰਧਾਨ ਅਰੁਣ ਗੌਤਮ ਸਮੇਤ ਹੋਰ ਲੋਕ ਮੌਜੂਦ ਸਨ।



ਉਘੇ ਨੇਤਾ ਸੁਖਵਿੰਦਰ ਸਿੰਘ ਕੋਟਲੀ ਸੰਤ ਸਮਾਜ ਅਤੇ ਸਾਥੀਆਂ ਨਾਲ ਧਰਨਾ ਦਿੰਦੇ ਹੋਏ।

ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੋਸਾਇਟੀ ਰਜਿ ਪੰਜਾਬ ਦੇ ਸੱਦੇ 'ਤੇ 2 ਤੋਂ 7 ਤਾਰੀਕ ਤੱਕ ਡੀ.ਸੀ ਦਫਤਰਾਂ ਅੱਗੇ ਭੁੱਖ ਹੜਤਾਲ਼ ਰੱਖਣ ਦੇ ਪ੍ਰੋਗਰਾਮ ਅਧੀਨ ਬਹੁਜਨ ਫ਼ਰੰਟ ਪੰਜਾਬ ਦੇ ਸਾਥੀਆਂ ਵਲੋਂ ਮਿਤੀ 3 ਸਤੰਬਰ 2019 ਡੀ.ਸੀ ਜਲੰਧਰ ਦੇ ਦਫਤਰ ਦੇ ਬਾਹਰ ਭੁੱਖ ਹੜਤਾਲ ਲਗਾਤਾਰ ਜਾਰੀ ਹੈ। ਸੰਤ ਸਮਾਜ ਨੇ ਪਹੁੰਚ ਕੇ ਅਸ਼ੀਰਵਾਦ ਦਿੱਤਾ।

# ਸੰਤ ਗੁਰਦੀਪ ਗਿਰੀ ਜੀ ਪਠਾਨਕੋਟ ਵਾਲੇ, 8 ਸਤੰਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪ੍ਰਵਚਨ ਕਰਨਗੇ






ਗੁਰੂ ਪਿਆਰੀ ਸਾਧ ਸੰਗਤ ਜੀਓ

ਸ੍ਰੀ ਗੁਰੂ ਰਵਿਦਾਸ ਟੈਂਪਲ ਗੁਰੂ ਘਰ 1480 Wayne Ave. Yuba City ਦੀ ਪ੍ਰਬੰਧਕ ਕਮੇਟੀ ਵੱਲੋਂ ਆਪ ਸਮੂਹ ਸਾਧ ਸੰਗਤ ਜੀ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ 8 ਸਤੰਬਰ 2019 (ਦਿਨ ਐਤਵਾਰ) ਦੇ ਸਮਾਗਮ ਵਿਚ 108 ਸੰਤ ਗੁਰਦੀਪ ਗਿਰੀ ਜੀ ਪਠਾਨਕੋਟ ਵਾਲੇ ਬੜੇ ਉਚੇਚੇ ਤੌਰ ’ਤੇ ਪਹੁੰਚ ਰਹੇ ਹਨ, ਜੋ ਆਪ ਸਭ ਸੰਗਤਾਂ ਨੂੰ 11 ਵਜੇ ਤੋਂ ਲੈ ਕੇ 12 ਵਜੇ ਤੱਕ ਹਰਿ ਜੱਸ ਦੁਆਰਾ ਨਿਹਾਲ ਕਰਨਗੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ ਮਹਾਂਪੁਰਸ਼ਾਂ ਦੇ ਪ੍ਰਵਚਨ ਸਰਵਣ ਕਰਕੇ ਜੀਵਨ ਸਫਲ ਕਰੋ ਜੀ। ਇਸ ਸਮਾਗਮ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਸੇਵਾ ਜਾਂ ਜਾਣਕਾਰੀ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ:

| ਗੁਰੂ ਘਰ | ਪ੍ਰਸ਼ੋਤਮ ਸੂਦ | ਸ੍ਰੀ ਦਲਵਿੰਦਰ ਰੱਲ੍ਹ | ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ | ਰਾਮ ਸੇਵਕ ਭਾਟੀਆ |
|---|---|---|---|---|
| | ਚੇਅਰਮੈਨ ਗੁਰੂ ਘਰ | ਪ੍ਰਧਾਨ, ਗੁਰੂ ਘਰ | (ਜਨਰਲ ਸਕੱਤਰ) | ਹੈਡ ਕੈਸ਼ੀਅਰ, ਗੁਰੂ ਘਰ |
| 530-674-2564 | 530-845-4580 | 530-933-3938 | 530-715-1823 | 530-682-3612 |




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯੌਰਕ ਵੱਲੋਂ

## ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ





**ਸਾਰਿਆਂ ਨੂੰ ਬੇਨਤੀ:**

ਕਰਨਲ ਰੈਜਿਨਲਡ ਡਾਇਰ ਵਲੋਂ ਮਾਰਚ 13, 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਕੀਤੇ ਬੇਕਸੂਰ ਹਿੰਦੋਸਤਾਨੀਆਂ ਦੇ ਬੇਕਿਰਕ ਕਤਲਆਮ ਦੀ ਘਟਨਾ, 20ਵੀਂ ਸਦੀ ਦੀ ਦਿਲ ਕੰਬਾਉਣ ਵਾਲੀ ਦੁਰਘਟਨਾ ਸੀ। ਇਸ ਦਰਦਨਾਕ ਹਾਦਸੇ ਦੌਰਾਨ ਵਤਨ ਲਈ ਸ਼ਹੀਦ ਹੋਏ ਹਿੰਦੋਸਤਾਨੀਆਂ ਨੂੰ ਅਕੀਦਤ ਪੇਸ਼ ਕਰਨਾ ਸਾਰਿਆਂ ਦਾ ਫਰਜ਼ ਬਣਦਾ ਹੈ। ਉਨ੍ਹਾਂ ਮਹਾਨ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯੌਰਕ ਵਲੋਂ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ, ਜਿਸ ਦੀ ਵਾਕਫੀਅਤ ਹੇਠ ਦਿੱਤੀ ਜਾਂਦੀ ਹੈ।

ਬੁਲਾਰੇ: ਡਾ. ਗੁਰੂਮੇਲ ਸ. ਸਿੱਧੂ (ਅਮਰੀਕਾ), ਚਰੰਜੀਲਾਲ ਕੰਗਣੀਵਾਲ (ਦੇਸ ਭਗਤ ਯਾਦਗਾਰ ਹਾਲ ਜਲੰਧਰ), ਜਸਬੀਰ ਸਿੰਘ ਐਮ. ਐਲ .ਏ. (ਕੈਨੇਡਾ), ਅਜੀਤ ਸਿੰਘ ਲਾਇਲ (ਕੈਨੇਡਾ), ਧਰਮ ਸਿੰਘ ਗੁਰਾਇਆ (ਅਮਰੀਕਾ), ਕਸ਼ਮੀਰ ਸਿੰਘ ਕਾਂਗਣਾ (ਅਮਰੀਕਾ), ਜਸਵਿੰਦਰਪਾਲ ਸਿੰਘ ਪੱਖੋਕੇ (ਅਮਰੀਕਾ)।

ਜਿਨ੍ਹਾਂ ਵਿਦਿਆਰਥੀਆਂ ਨੇ ਸਕੂਲ ਵਿਚ ਔਸਤਨ 4 ਗਰੇਡ ਪੁਆਂਇੰਟ ਪ੍ਰਾਪਤ ਕੀਤਾ ਹੋਵੇ, ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ। ਕਵੀ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ।

**ਤਾਰੀਖ: 7 ਸਤੰਬਰ, 2019 (ਸਨਿੱਚਰਵਾਰ)।**
**ਸਮਾਂ: 11 ਵਜੇ ਸਵੇਰ ਤੋਂ 4 ਵਜੇ ਸ਼ਾਮ ਤਕ।**
**ਸਥਾਨ: 100 ਲੇਕਵੁੱਡ ਰੋਡ, ਨਿਊ ਹਾਈਡ ਪਾਰਕ, ਲੌਂਗ ਆਈਲੈਂਡ।**

**ਸਤਿਗੁਰੂ ਸਵੀਟ ਸ਼ੌਪ ਵਾਲਿਆਂ ਵਲੋਂ ਲੰਗਰ ਵਰਤੇਗਾ। ਚਾਹ ਦੀ ਸੇਵਾ ਸਰਦਾਰ ਚਰਨਜੀਤ ਸਿੰਘ ਸਮਰਾ ਵਲੋਂ ਕੀਤੀ ਜਾਏਗੀ ਅਤੇ ਪਾਣੀ ਦੀ ਸੇਵਾ ਸਰਦਾਰ ਅਮਰਜੀਤ ਸਿੰਘ ਪੁਆਰ ਕਰਨਗੇ।**

**ਜਾਣਕਾਰੀ ਲਈ:**
***ਸਵਰਨ ਸਿੰਘ ਸਲੈਚ (917-224-3645),***
***ਸਰਮੁੱਖ ਸਿੰਘ (917-294-6430),***
***ਮਨਮੋਹਨ ਪੂਨੀ (347-753-5940)***

ਪ੍ਰਬੰਧਕ: ਸ. ਭਾਗ ਸਿੰਘ ਮੰਡਾਹੜ, ਹਰਜਿੰਦਰ ਸਿੰਘ ਮੰਡਾਹੜ, ਸਤਿਨਾਮ ਸਿੰਘ ਬੰਡਾਲਾ, ਦਵਿੰਦਰ ਸਿੰਘ ਝਾਵਰ, ਪਰਮਜੀਤ ਸਿੰਘ ਜੌਹਲ, ਬਾਂਟੀ ਸਿੰਘ, ਰਜਿੰਦਰ ਬਿੱਟੂ, ਮਲਕੀਅਤ ਸਿੰਘ ਮਾਣਾ, ਡਾ. ਸੰਦੀਪ ਸਿੰਘ, ਧਰਮਪਾਲ ਸਿੰਘ ਪਾਲ, ਇਕਬਾਲ ਸਿੰਘ, ਹਰੀਸ਼ ਸੈਣੀ, ਸੁਖਦੇਵ ਸਿੰਘ ਸੇਵਕ (ਨਾਮਧਾਰੀ ਸੰਗਤ), ਜਸਬੀਰ ਸਿੰਘ ਮਕਾਨ ਬਿਲਡਰ, ਮੈਡਮ ਪਰਮਜੀਤ ਕੌਰ, ਗੁਰਿੰਦਰਪਾਲ ਕੌਰ, ਨਰਿੰਦਰ ਕੌਰ, ਜਸਵਿੰਦਰ ਕੌਰ, ਨਵਜੀਤ ਕੌਰ, ਸਿਮਰਨਜੀਤ ਕੌਰ, ਸੁਰਜੀਤ ਸਿੰਘ ਪਰਹਾਰ, ਉਂਕਾਰ ਸਿੰਘ ਡਮੇਲੀ, ਸ਼ਮਸ਼ੇਰ ਸਿੰਘ, ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਰਛਪਾਲ ਸਿੰਘ, ਆਦਿ।

**ਅਦਾਰਾ 'ਦੇਸ਼ ਦੁਆਬਾ' ਇਸ ਮਾਣਮੱਤੀ ਗਦਰ ਲਹਿਰ ਦੇ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹੈ।**

### ਪਹੁੰਚ ਰਹੇ ਬੁਲਾਰੇ



ਡਾ. ਗੁਰਮੇਲ ਸਿੰਘ ਸਿੱਧੂ



ਚਰੰਜੀਲਾਲ ਕੰਗਣੀਵਾਲ



ਜਸਵੀਰ ਸਿੰਘ ਦਿਓਲ
(ਐਮ. ਐਲ. ਏ. (ਐਮ. ਡੀ. ਪੀ., ਕੈਨੇਡਾ)



ਧਰਮ ਸਿੰਘ ਗੁਰਾਇਆ



ਜਸਵਿੰਦਰਪਾਲ ਸਿੰਘ ਪੱਖੋਕੇ


TANDOOR
Indian Restaurant
27167 Mission Blvd. Hayward, CA 95544







ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM




## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sales: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




BH HS BERKSHIRE HATHAWAY HOMESERVICES
**BERKSHIRE HATHAWAY**
**Home Services**
**Elite Real Estate**

## OFFICE: 7412 ELSIE AVE., SACRAMENTO, CA 95828




ਬੀਤੇ ਦਿਨੀਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਹਰਪ੍ਰੀਤ ਸਿੰਘ ਨਿਊਯਾਰਕ ਆਏ। ਇਸ ਦੌਰਾਨ ਸ. ਕਸ਼ਮੀਰਾ ਸਿੰਘ ਦੇ ਗ੍ਰਹਿ (ਵੈਲਰੋਜ਼, ਨਿਊਯਾਰਕ) ਵਿਖੇ ਪਧਾਰੇ। ਇਸ ਮੌਕੇ ਉਹਨਾਂ ਦਾ ਪੰਜਾਬੀ ਭਾਈਚਾਰੇ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਜਿਸ ਦੌਰਾਨ ਰਮੇਸ਼ ਸਿੰਘ, ਚਰਨਜੀਤ ਝੱਲੀ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਰਘਬੀਰ ਸਿੰਘ ਸੁਭਾਨਪੁਰ, (ਦੂਜੀ ਕਤਾਰ) ਪ੍ਰਿਤਪਾਲ ਸਿੰਘ, ਹਰਪ੍ਰੀਤ ਸਿੰਘ ਤੂਰ, ਮਨੋਹਰ ਕਲੇਰ, ਓਮ ਪ੍ਰਕਾਸ਼, ਸਤਨਾਮ ਸਿੰਘ, ਗੁਰਨਾਮ ਸਿੰਘ ਬਿਰਦੀ, ਪਰਮਜੀਤ ਸਿੰਘ ਸਰੋਆ (ਵਧੀਕ ਸਕੱਤਰ ਐਸ. ਜੀ. ਪੀ. ਸੀ.), ਰਜੀਵ ਕੁਮਾਰ, ਗੁਰਨਾਮ ਸਿੰਘ, ਭੋਲਾ ਕਲੇਰ, ਕਸ਼ਮੀਰਾ ਸਿੰਘ, ਮੰਗਲ ਸਿੰਘ ਅਤੇ ਹੋਰ ਬਹੁਤ ਸਾਰੇ ਪੰਜਾਬੀ ਭਾਈਚਾਰੇ ਦੇ ਮੈਂਬਰ ਜਥੇਦਾਰ ਸਾਹਿਬਾਨ ਹੁਰਾਂ ਦੇ ਸਵਾਗਤ ਲਈ ਇਕੱਤਰ ਹੋਏ।

# ਸ੍ਰੀ ਗੁਰੂ ਰਵਿਦਾਸ ਪੁਰਾਤਨ ਮੰਦਰ ਤੋੜੇ ਜਾਣ ਦਾ ਸਖਤ ਵਿਰੋਧ

**ਫਰਿਜ਼ਨੋ (ਬਿਊਰੋ)–** ਦਿੱਲੀ ਦੇ ਤੁਗਲਕਾਬਾਦ ਵਿਚ ਸ੍ਰੀ ਗੁਰੂ ਰਵਿਦਾਸ ਪੁਰਾਤਨ ਮੰਦਰ ਤੋੜੇ ਜਾਣ ਦਾ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਸਖਤ ਵਿਰੋਧ ਕਰਦੀ ਹੈ ਅਤੇ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕਰਦੀ ਹੈ ਕਿ ਬਿਨਾਂ ਕਿਸੇ ਦੇਰੀ ਕੀਤਿਆਂ, ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੇ ਮਨਾਂ ਨੂੰ ਜੋ ਅਸਹਿ ਠੇਸ ਪਹੁੰਚਾਈ ਹੈ, ਉਸ ਨੂੰ ਸਰਕਾਰ ਪੂਰਾ ਤਾਂ ਨਹੀਂ ਕਰ ਸਕਦੀ ਪਰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਕਾਲ ਨਾਲ ਜੁੜਿਆ ਇਹ ਪਾਕ ਸਥਾਨ ਅਤੇ ਪੁਰਾਤਨ ਮੰਦਰ ਦੀ ਮੁੜ ਉਸਾਰੀ ਕਰਕੇ ਉਸ ਸਥਾਨ ਨੂੰ ਪਹਿਲਾਂ ਵਾਂਗ ਬਹਾਲ ਕੀਤਾ ਜਾਵੇ ਤਾਂ ਕਿ ਜੋ ਭਾਰਤ ਅਤੇ ਭਾਰਤ ਤੋਂ ਬਾਹਰ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੇ ਮਨਾਂ ਨੂੰ ਸਕੂਨ ਮਿਲ ਸਕੇ ਅਤੇ ਭਾਰਤ



ਸਰਕਾਰ ਅਤੇ ਮਾਣਯੋਗ ਅਦਾਲਤਾਂ ਅਜਿਹੇ ਫੈਸਲੇ ਕਰਨ ਤੋਂ ਪਹਿਲਾਂ ਕਰੋੜਾਂ ਸੰਗਤਾਂ ਦੀ ਆਸਥਾ ਦਾ ਖਿਆਲ ਰੱਖਣ। ਉਪਰੋਕਤ ਜਾਣਕਾਰੀ ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਦੇਸ ਰਾਜ ਬੰਗੜ ਨੇ ਅਦਾਰਾ 'ਦੇਸ਼ ਦੁਆਬਾ' ਨੂੰ ਫੋਨ 'ਤੇ ਦੱਸਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੀ ਗੁਰੂ ਮਹਾਰਾਜ ਜੀ ਦੇ ਫੁਰਮਾਨ 'ਐਸਾ ਚਾਹੂ ਰਾਜ ਮੈਂ ਜਹਾਂ ਮਿਲੇ ਸਭਨ ਕੇ ਅੰਨ, ਛੋਟ ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ' 'ਚ ਜਿੱਥੇ ਪੂਰਨ ਵਿਸ਼ਵਾਸ ਹੈ, ਉਥੇ ਭਾਰਤ ਦੇ ਲੋਕਤੰਤਰ ਅਤੇ ਸੰਵਿਧਾਨ 'ਚ ਵੀ ਉਨਾ ਹੀ ਵਿਸ਼ਵਾਸ ਹੈ, ਪਰ ਸਰਕਾਰ ਆਪਣੇ ਫਰਜ਼ਾਂ ਨੂੰ ਸਮਝਦਿਆਂ ਇੱਥੇ ਮੰਦਰ ਦਾ ਫੈਸਲਾ ਹੋਰ ਤੇ ਦੂਜੇ ਮੰਦਰ ਦਾ ਫੈਸਲਾ ਹੋਰ 'ਚ ਫਰਕ ਨਾ ਕਰੇ। ਆਸ ਹੈ ਕਿ ਭਾਰਤ ਸਰਕਾਰ ਅਤੇ ਮਾਣਯੋਗ ਸੁਪਰੀਮ ਕੋਰਟ ਨਿਆਂ ਕਰਨ ਵਿਚ ਜ਼ਿਆਦਾ ਦੇਰ ਨਹੀਂ ਲਗਾਵੇਗੀ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ਲੋਕ ਕਵੀ ਆਜ਼ਾਦ 'ਜਲੰਧਰੀ' ਨਾਲ ਇਕ ਖਾਸ ਮੁਲਾਕਾਤ

ਲੋਕ ਕਵੀ ਆਜ਼ਾਦ 'ਜਲੰਧਰੀ' ਨਾਲ ਮੇਰਾ ਸਾਥ 1995 ਤੋਂ ਹੈ। ਭਾਈਚਾਰਕ ਸਮਾਗਮਾਂ ਵਿਚ ਵਿੱਚਰਦੇ ਰਹਿਣ ਨਾਲ ਇਸ ਸਮਕਾਲੀ ਸਾਹਿਤਕਾਰ ਨਾਲ ਨੇੜਤਾ ਵਧਦੀ ਗਈ। ਲੇਖਣੀ ਦੇ ਸਫ਼ਰ ਵਿਚ ਜੰਗ ਸਿੰਘ 'ਗਿਆਨੀ' ਤੇ ਆਜ਼ਾਦ 'ਜਲੰਧਰੀ' ਅਭਿਨੰਦਨ ਗ੍ਰੰਥ ਦਾ ਮਸੌਦਾ ਤਿਆਰ ਕਰਨ ਵਿਚ ਅਸੀਂ ਤਿੰਨਾਂ ਨੇ ਮਿਲ ਕੇ ਕੰਮ ਕੀਤਾ। ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਦੀ ਸਥਾਪਨਾ 16 ਨਵੰਬਰ 2004 ਨੂੰ ਕੀਤੀ। ਟਰੱਸਟ ਦਾ ਮਨੋਰਥ ਅਣਛਪਿਆ ਸਾਹਿਤ ਛਾਪ ਕੇ ਪ੍ਰਚਾਰ ਕਰਨਾ। ਜੋ ਲੇਖਕ ਆਪਣਾ ਸਾਹਿਤ ਮਾਲੀ ਔਕੜਾਂ ਕਰਕੇ ਨਹੀਂ ਛਪਵਾ ਸਕੇ, ਦੀ ਮਾਲੀ ਮਦਦ ਕਰਨਾ। 25 ਜੂਨ 2005 ਦੇ ਪਹਿਲੇ ਸਮਾਗਮ ਵਿਚ ਅਭਿਨੰਦਨ ਗ੍ਰੰਥ ਲੋਕ ਅਰਪਣ ਹੋਇਆ। ਟਰੱਸਟ ਦੀ ਸਥਾਪਨਾ ਦੇ ਪਿਛੋਕੜ ਵਿਚ ਕੰਮ ਕਰਨ ਦੇ ਨਾਲ-ਨਾਲ ਮੇਰੇ ਵੱਲੋਂ ਸਮਾਗਮ ਦੇ ਪ੍ਰਬੰਧ ਤੋਂ ਲੈ ਕੇ ਜਨਰਲ ਸਕੱਤਰ, ਮੰਚ ਸੰਚਾਲਕ ਅਤੇ ਪ੍ਰੈਸ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ ਗਈ। ਪ੍ਰੌੜ੍ਹ ਸਾਹਿਤਕਾਰਾਂ ਦੇ ਉਤਸ਼ਾਹ ਨਾਲ ਮੈਂ ਸਦਾ ਲਈ ਵਿੱਛੜੀ ਆਪਣੀ ਧੀ ਦੀ ਯਾਦ ਵਿਚ 'ਗਿੰਨੀ ਸਿਮ੍ਰਤੀ ਗ੍ਰੰਥ' ਦੀ ਸੰਪਾਦਨਾ ਕੀਤੀ। ਉਪਰੰਤ ਤਿੰਨ ਕਾਵਿ ਸੰਗ੍ਰਹਿ ਤੇ ਇਕ ਸਿੱਖ ਇਤਿਹਾਸ (ਵਾਰਤਕ) ਦੀ ਪੁਸਤਕ ਛਪਵਾਈਆਂ ਹਨ।

ਆਪਣੇ ਸਾਥੀ ਜਸਦੀਪ ਸਿੰਘ ਫਰੀਮਾਂਟ ਨਾਲ ਆਜ਼ਾਦ ਸਾਹਿਬ ਦੇ ਗ੍ਰਹਿ ਵਿਖੇ ਜਾ ਕੇ ਇਕ ਖਾਸ ਮੁਲਾਕਾਤ ਕੀਤੀ, ਦਾ ਵੇਰਵਾ ਹੈ ਕਿ ਆਜ਼ਾਦ ਸਾਹਿਬ ਨੇ ਜ਼ਿੰਦਗੀ ਦੇ ਸਫ਼ਰ ਦੀ ਬਾਤ ਪਾਈ ਕਿ ਮੇਰਾ ਪਿੰਡ 'ਬੜਾ ਪਿੰਡ' (ਜਲੰਧਰ) ਹੈ, ਜਿਸਦਾ ਪਹਿਲਾ ਇਤਿਹਾਸਕ ਨਾਂ 'ਕੁਲੇਤਾ' ਹੈ। ਜੋ ਬੁਨਿਆਦੀ ਸਹੂਲਤਾਂ ਦੇ ਨਾਲ ਨਾਲ ਅਧਿਆਤਮਕ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਰਿਹਾ ਹੈ। ਜਿੱਥੇ ਆਜ਼ਾਦੀ ਘੁਲਾਟੀਏ ਜੁਆਲਾ ਸਿੰਘ ਸਰਗਰਮ ਸਨ। ਉਹਨਾਂ ਦਿਨਾਂ ਵਿਚ ਮਿਹਨਤ, ਹਿੰਮਤ, ਆਪਸੀ ਭਾਈਚਾਰੇ ਲਈ 'ਬੜਾ ਪਿੰਡ' ਬਹੁਤ ਪ੍ਰਸਿੱਧ ਸੀ। ਇਸ ਮਾਹੌਲ ਨੇ ਮੇਰੀ ਨਿੱਜੀ ਜ਼ਿੰਦਗੀ ਤੇ ਬੜਾ ਪ੍ਰਭਾਵ ਪਾਇਆ। ਮੇਰਾ ਜਨਮ ਇਕ ਗਰੀਬ ਮਜ਼ਦੂਰ ਪਰਿਵਾਰ ਵਿਚ ਚੌਧਰੀ ਬਿਸ਼ਨ ਸਿੰਘ 'ਸੁੰਮਨ', ਮਾਤਾ ਠਾਕੁਰ ਕੌਰ ਦੇ ਘਰ 12 ਜਨਵਰੀ 1933 ਨੂੰ ਹੋਇਆ। ਮੇਰੇ ਪਿਤਾ ਜੀ ਇਕ ਵੱਡੇ ਪਰਿਵਾਰ ਦਾ ਗੁਜ਼ਾਰਾ ਬੜੀ ਮਿਹਨਤ ਨਾਲ ਚਲਾਉਂਦੇ। ਮੇਰਾ ਬਚਪਨ ਕੱਚੀਆਂ ਕੰਧਾਂ, ਘੁੱਪ ਹਨੇਰਾ ਅਤੇ ਗਰੀਬੀ ਦੇ ਸਾਏ ਹੇਠ ਬਤੀਤ ਹੋਇਆ। ਮੇਰੇ ਪਿਤਾ ਜੀ ਬੜੇ ਰਹਿਮ ਦਿਲ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੇ ਸਨ। ਮੇਰੇ ਮਾਤਾ ਜੀ ਬੜੀ ਤੀਬਰ ਬੁੱਧੀ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਸਨ। ਕਿਸੇ ਵੀ ਕੰਮ ਲਈ ਲੋਕ ਉਹਨਾਂ ਤੋਂ ਸਲਾਹ ਲੈਂਦੇ ਸਨ। ਮੇਰੀ ਲਗਨ ਵੀ ਬਚਪਨ ਵਿਚ ਹੀ ਪ੍ਰਮਾਤਮਾ ਵੱਲ ਲੱਗ ਗਈ। ਇਲਾਕੇ ਦੇ ਗਿਰਦ ਮੰਦਰ, ਮਸਜਿਦ, ਗੁਰਦੁਆਰੇ ਵਿਚ ਜਾਂਦਾ, ਧਾਰਮਿਕ ਪ੍ਰਵਚਨ ਸ਼ਬਦ, ਧਾਰਮਿਕ ਗੀਤ ਤੇ ਗੁਰਬਾਣੀ ਸੁਣਦੇ ਸੁਣਦੇ ਮੈਂ 9 ਸਾਲ ਦੀ ਉਮਰ ਵਿਚ ਆਪ ਗੀਤ ਲਿਖ ਕੇ ਗਾਉਣ ਲੱਗ ਪਿਆ ਸੀ।



ਰਾਮਗੜ੍ਹੀਆ ਹਾਈ ਸਕੂਲ ਤੋਂ ਦਸਵੀਂ ਪਾਸ ਕਰਕੇ ਸੰਨ 1950 ਵਿਚ ਦਿੱਲੀ ਜਾ ਕੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਿਚ ਨੌਕਰੀ ਕਰ ਲਈ। ਮੈਨੂੰ ਪੰਜਾਬੀ, ਉਰਦੂ ਅਤੇ ਫਾਰਸੀ ਦਾ ਗਿਆਨ ਸੀ। ਸਾਹਿਤ ਤਾਂ ਪਹਿਲਾਂ ਹੀ ਲਿਖਦਾ ਸੀ। ਪਰ ਦਿੱਲੀ ਜਾ ਕੇ ਬਕਾਇਦਾ ਤੌਰ 'ਤੇ ਮੇਰਾ ਸਾਹਿਤਕ ਸਫ਼ਰ ਸ਼ੁਰੂ ਹੋਇਆ। ਦਿੱਲੀ ਦੇ ਉੱਘੇ ਸਾਹਿਤਕਾਰਾਂ, ਸੰਗੀਤਕਾਰਾਂ, ਗਾਇਕਾਂ, ਫਨਕਾਰਾਂ ਦਾ ਗੜ੍ਹ ਰਿਹਾ ਹੈ, ਜਿੱਥੇ ਜਾ ਕੇ ਮੈਂ ਵੀ ਜੁੜ ਗਿਆ। ਕਵੀ ਸੰਮੇਲਨਾਂ ਵਿਚ ਹਿੱਸਾ ਲਿਆ। ਗੁਰਬਾਣੀ ਕੀਰਤਨ ਸੁਣਦੇ6ਸੁਣਦੇ ਮੇਰਾ ਸਾਹਿਤ ਵੱਲ ਉਤਸ਼ਾਹ ਵਧਦਾ ਗਿਆ। ਗੁਰੂ ਘਰਾਂ ਵਿਚ ਕੀਰਤਨ ਦੀ ਸੇਵਾ ਨਿਭਾਈ। ਸਾਹਿਤ ਖੇਤਰ ਵਿਚ ਪੰਡਤ ਲਾਲ ਚੰਦ ਮਾਅਸੂਮ ਚਿਨਿਉਟੀ ਨੂੰ ਉਸਤਾਦ ਮੰਨ ਲਿਆ, ਜਿਹਨਾਂ ਨੇ ਬੜੇ ਪਿਆਰ ਨਾਲ ਸ਼ਾਇਰੀ ਦੇ ਗੁਣ ਸਿਖਾਏ। ਉਪਰੰਤ ਜਿਹਨਾਂ ਸ਼ਾਇਰਾਂ ਦੀ ਸੰਗਤ ਕੀਤੀਆਂ ਹਨ- ਲਾਲ ਚੰਦ ਫਲਕ, ਉਸਤਾਦ ਮਿਲਖੀ ਰਾਮ, ਗਿਆਨ ਚੰਦ ਧਵਨ, ਪੰਡਤ ਕੰਸ ਰਾਜ ਗੌਹਰ, ਡਾ. ਹਰਿਭਜਨ ਸਿੰਘ, ਪ੍ਰੀਤਮ ਸਿੰਘ ਸਫੀਰ, ਅੰਮ੍ਰਿਤ ਦਸੂਹਵੀ, ਚੰਨ ਨਨਕਾਣਵੀ, ਚਾਨਣਗੋਬਿੰਦਪੁਰੀ, ਪ੍ਰਕਾਸ਼ ਸਾਥੀ, ਸੰਸਾਰ ਸਿੰਘ ਗਰੀਬ ਆਦਿ ਨਾਲ ਧਾਰਮਿਕ ਅਤੇ ਸਮਾਜਿਕ ਕਵੀ ਦਰਬਾਰ ਨਿਭਾਏ। ਫਿਰ ਸਾਹਿਤਕ ਮੰਚ ਨੂੰ ਅਧਿਆਤਮਕ ਮੰਚ ਵੱਲ ਤੋਰ ਲਿਆ। ਸੂਫੀਆਨਾ ਗੀਤ ਗਜ਼ਲਾਂ ਲਿਖ ਕੇ ਗਾਉਣ ਲੱਗ ਪਿਆ। ਪੰਜਾਬੀ ਅਤੇ ਹਿੰਦੀ ਵਿਚ ਲੱਗਭੱਗ ਡੇਢ ਦਰਜਨ ਪੁਸਤਕਾਂ ਛਪਵਾਈਆਂ। ਮੇਰਾ ਖੇਤਰ ਦਿੱਲੀ ਤੋਂ ਇਲਾਵਾ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਉੱਤਰ ਪ੍ਰਦੇਸ਼, ਬੰਬਈ ਤੱਕ ਫੈਲ ਗਿਆ। ਹਿੰਦੀ ਫਿਲਮਾਂ ਲਈ ਗੀਤ ਲਿਖੇ, ਜਿਹਨਾਂ ਨੂੰ ਗਾਇਆ, ਜਿਵੇਂ ਭੁਪਿ- ੰਦਰ, ਮਤਾਲੀ, ਸੁਰੇਸ਼ ਵਾਡੇਕਰ, ਸਾਧਨਾ, ਸਰਗਮ, ਮੁਹੰਮਦ ਅਜ਼ੀਜ਼, ਉਦਿਤ ਨਰਾਇਣ, ਕੁਮਾਰ ਸਾਨੂੰ, ਅਲਕਾ ਯਾਗਨਿਕ, ਕਵਿਤਾ ਕ੍ਰਿਸ਼ਨਾਮੂਰਤੀ, ਅਭਿਜੀਤ, ਸਪਨਾ ਮੁਖਰਜੀ ਆਦਿ।

ਸੰਨ 1957 ਵਿਚ ਗ੍ਰਹਿ ਮੰਤਰਾਲੇ ਦੇ ਮੁਲਾਜ਼ਮ ਵੱਲੋਂ ਸਲਾਨਾ ਕਵਿਤਾ ਮੁਕਾਬਲੇ ਵਿਚ ਹਿੱਸਾ ਲਿਆ। ਪ੍ਰਬੰਧ ਵਿਚ ਵੀ ਕੰਮ ਕੀਤਾ। ਉਦੋਂ ਕਈ ਕਵੀਆਂ ਨਾਲ ਮੁਲਾਕਾਤ ਹੋਏ ਜਿਵੇਂ ਜਿਗਰ ਮੁਰਾਦਾਬਾਦੀ, ਸਾਗਰ ਨਿਜ਼ਾਮੀ, ਮਖਮੂਰ ਦੇਹਲਵੀ, ਨਰੇਸ਼ ਕੁਮਾਰ ਸ਼ਾਦ, ਗੁਲਜ਼ਾਰ ਦੇਹਲਵੀ, ਹਰਵੰਸ ਰਾਏ ਬਚਨ, ਨੀਰਜ, ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਭਾਈਆ ਈਸ਼ਰ ਸਿੰਘ, ਗੁਰਮੁਖ ਸਿੰਘ ਮੁਸਾਫਿਰ ਆਦਿ। ਮੁਕਾ- ਬਲਿਆਂ ਵਿਚ 1958, 1959, 1962 ਵਿਚ ਜੇਤੂ ਰਿਹਾ। ਬਹੁਤ ਸਾਰੀਆਂ ਸਾਹਿਤ ਸਭਾਵਾਂ ਨੇ ਸਨਮਾਨ ਵੀ ਕੀਤਾ। ਸੰਨ 1956 ਵਿਚ ਪੰਜਾਬੀ ਕਵੀ ਸਭਾ ਦਿੱਲੀ ਦਾ ਜਨਰਲ ਸਕੱਤਰ ਰਿਹਾ। ਸੰਨ 1958 ਵਿਚ ਹਿੰਦੀ ਮਾਸਿਕ ਰਸਾਲਾ 'ਗੰਗੋਤਰੀ' ਸ਼ੁਰੂ ਕੀਤਾ। ਸੰਨ 1998 ਵਿਚ ਦਿੱਲੀ ਤੋਂ ਤ੍ਰੈਮਾਸਿਕ ਰਸਾਲਾ ਮਨਨਦੀਪ ਸ਼ੁਰੂ ਕੀਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸੰਨ 1978 ਵਿਚ ਅਮਰੀਕਾ ਪ੍ਰਵਾਜ਼ ਕੀਤਾ। ਲੇਖਣੀ ਦਾ ਸਫ਼ਰ ਜਾਰੀ ਰਿਹਾ। ਗੁਰੂ ਘਰਾਂ ਵਿਚ ਕੀਰਤਨ ਦੀ ਸੇਵਾ ਨਿਭਾਈ। ਸਾਹਿਤ, ਸਭਿਆਚਾਰਕ, ਧਾਰਮਿਕ ਸੰਸਥਾਵਾਂ ਵਿਚ ਸ਼ਿਰਕਤ ਕੀਤੀ।

ਗਾਇਕ ਹਰਭਜਨ ਸਿੰਘ ਭਜਨ ਨਾਲ ਸ਼ਾਨ-ਏ-ਪੰਜਾਬ ਸੰਗੀਤ ਗਰੁੱਪ ਵਿਚ ਕਈ ਗਾਇਕਾਂ ਨੇ ਮੇਰੇ ਲਿਖੇ ਗੀਤ ਗਾ ਕੇ ਕੈਸਟਾਂ ਕੱਢੀਆਂ। ਜਿਵੇਂ ਸਤਪਾਲ ਸਿੰਘ ਦਿਓਲ, ਸੋਹਣ ਸਿੰਘ ਢੋਲਾ, ਹਰਭਜਨ ਸਿੰਘ ਭਜਨ ਆਦਿ। ਭਾਈਚਾਰਕ ਸੰ- ਸਥਾਵਾਂ ਵਿਚ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਵਜੋਂ ਜਾਣਿਆ ਜਾਣ ਲੱਗਾ।

**ਅੰਤਿਕਾ**

ਜ਼ਿੰਦਗੀ ਦੇ ਸਫ਼ਰ ਵਿਚ ਸਭ ਸਹਾਰੇ ਛੱਡ ਗਏ
ਹਮਸਫ਼ਰ ਬਣ ਕੇ ਰਹੀ ਚਲਦੀ ਇਹ ਜੀਵਨ ਭਰ ਕਲਮ।
ਜਦ ਵੀ ਲਿਖਦੀ ਏ ਕਦੇ ਆਜ਼ਾਦ ਇਹ ਰੱਬੀ ਕਲਮ,
ਸ਼ਾਇਰਾਂ ਨੂੰ ਇਹ ਬਣਾ ਦਿੰਦੀ ਏ ਪੈਗੰਬਰ ਕਲਮ।

**- ਆਜ਼ਾਦ ਜਲੰਧਰੀ**

## (ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ)

# ਕੁਦਰਤ ਵੱਲੋਂ ਦਿੱਤੇ ਧਰਤੀ, ਹਵਾ, ਪਾਣੀ ਦੇ ਤੋਹਫੇ ਨੂੰ ਜ਼ਹਿਰੀਲਾ ਕਰਕੇ ਮਨੁੱਖ ਖੁਦ ਹੀ ਆਪਣੇ ਨਾਸ਼ ਵੱਲ ਵੱਧ ਰਿਹਾ ਹੈ

ਅੱਜ ਲਗਭੱਗ ਸਮੁੱਚੇ ਵਿਸ਼ਵ 'ਚ ਪੂੰਜੀਵਾਦੀ ਵਿਕਾਸ ਮਾਡਲ ਨੂੰ ਅਪਣਾਇਆ ਜਾ ਚੁੱਕਾ ਹੈ ਜਿਸ ਦਾ ਮੁੱਖ ਮੰਤਵ ਪੈਸਾ ਕਮਾਉਣਾ ਹੈ। ਇਸ ਪੈਸਾ ਕਮਾਉਣ ਦੀ ਲੱਗੀ ਹੋੜ ਦਾ ਮੁੱਲ ਸਮੁੱਚੀ ਮਨੁੱਖ ਜਾਤੀ ਅਤੇ ਵਾਤਾਵਰਨ ਨੂੰ ਚੁੱਕਾਉਣਾ ਪੈ ਰਿਹਾ ਹੈ। ਭਾਵੇਂ ਕਿ ਪੈਸਾ ਤਾਂ ਥੋੜੇ ਜਿਹੇ ਲੋਕਾਂ ਵੱਲੋਂ ਕਮਾਇਆ ਜਾ ਰਿਹਾ ਹੈ ਪਰ ਇਸ ਦਾ ਖਮਿਆਜ਼ਾ ਸਮੁੱਚੀ ਜੀਵ-ਜਾਤੀ ਨੂੰ ਭੁਗਤਨਾ ਪੈ ਰਿਹਾ ਹੈ। ਵਿਸ਼ਵ ਦੇ ਕੁਝ ਕੁ ਲੋਕਾਂ ਵੱਲੋਂ ਨਿੱਜੀ ਲਾਭ ਅਤੇ ਪੈਸੇ ਦੀ ਭੁੱਖ (ਹਵਸ) ਨੂੰ ਪੂਰਾ ਕਰਨ ਲਈ ਚਲਾਈਆਂ ਫੈਕਟਰੀਆਂ ਦੀ ਰਹਿੰਦ-ਖੂਹੰਦ ਅਤੇ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਕਾਰਨ ਅੱਜ ਸਾਡਾ ਸਮੁੱਚਾ ਵਾਤਾਵਰਨ ਮਨੁੱਖ ਦੇ ਰਹਿਣ ਲਈ ਅਯੋਗ ਹੁੰਦਾ ਜਾ ਰਿਹਾ ਹੈ। ਸਾਡੇ ਸੂਰਜੀ ਪਰਿਵਾਰ ਵਿੱਚ 8 ਗ੍ਰਹਿ ਅਤੇ 166 ਦੇ ਲਗਭਗ ਉਪ ਗ੍ਰਹਿ ਹਨ। ਹੁਣ ਨਵੀਆਂ ਖੋਜਾਂ ਦੇ ਅਨੁਸਾਰ ਲਗਭੱਗ 200 ਗ੍ਰਹਿਆਂ ਦੇ ਹੋਰ ਮਿਲਣ ਦੀ ਉਮੀਦ ਹੈ। ਪਰ ਇਨ੍ਹਾਂ ਸਾਰੇ ਗ੍ਰਹਿਆਂ ਤੇ ਉਪ ਗ੍ਰਹਿਆਂ ਵਿੱਚ ਕੇਵਲ ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ ਜਿਸ ਤੇ ਕੁਦਰਤੀ ਰੂਪ ਵਿੱਚ ਮਨੁੱਖੀ ਜੀਵਨ ਦੇ ਪਨਪਣ ਅਤੇ ਵਿਕਾਸ ਲਈ ਸਾਰੇ ਤੱਤ ਉੱਚਿਤ ਰੂਪ ਵਿੱਚ ਪਾਏ ਜਾਂਦੇ ਹਨ ਪਰ ਮਨੁੱਖ ਦੀਆਂ ਕੁਦਰਤ ਵਿਰੋਧੀ ਨੀਤੀਆਂ ਕਾਰਨ ਧਰਤੀ ਦਾ ਵਾਤਾਵਰਨ ਜਿਸ ਤੇਜੀ ਨਾਲ ਵਿਗੜ ਰਿਹਾ ਉਸ ਤੋਂ ਇਹ ਅੰਦਾਜ਼ਾ ਭਲੀ-ਭਾਂਤੀ ਲਗਾਇਆ ਜਾ ਸਕਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਧਰਤੀ ਤੇ ਵੀ ਮਨੁੱਖੀ ਜੀਵਨ ਨੂੰ ਬਚਾਉਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੋ ਜਾਵੇਗਾ। ਜੇ ਅੱਜ ਵੀ ਅਸੀਂ ਅੰਕੜਿਆਂ ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਸਮੁੱਚੇ ਵਿਸ਼ਵ ਵਿੱਚ ਹਰ ਰੋਜ਼ ਲਗਭੱਗ 25000 ਲੋਕ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣ ਕਾਰਨ ਹੋਣ ਵਾਲੀਆਂ ਬੀਮਾਰੀਆਂ ਕਾਰਨ ਮਰਦੇ ਹਨ। ਦੁਨੀਆਂ ਦੇ ਸਾਰੇ ਵੱਡੇ ਸ਼ਹਿਰਾਂ ਦੀ ਹਵਾ ਇੰਨ੍ਹੀ ਗੰਦੀ ਹੋ ਚੁੱਕੀ ਹੈ ਕਿ ਉਸ ਵਿੱਚ ਸਾਹ ਲੈਣਾ ਵੀ ਮੁਸ਼ਕਿਲ ਜਾਪਦਾ ਹੈ। ਇਹ ਗੱਲ ਹੋਰ ਵੀ ਨਿਰਾਸ਼ ਕਰਨ ਵਾਲੀ ਹੈ ਕਿ ਇੱਕ ਤਾਜ਼ਾ ਸਰਵੇਖਣ ਅਨੁਸਾਰ ਸੰਸਾਰ ਦੇ ਸਭ ਤੋਂ ਵੱਧ ਗੰਦੀ ਹਵਾ ਵਾਲੇ 15 ਸ਼ਹਿਰਾਂ ਚੋਂ 14 ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਵ ਭਾਰਤ ਦੇ ਸ਼ਹਿਰ ਹਨ। ਇੰਝ ਲਗਦਾ ਹੈ ਜੇ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ 'ਚ ਵੱਡੇ ਸ਼ਹਿਰਾਂ ਜਿਨ੍ਹਾਂ ਦੀ ਹਵਾ ਅੱਤ ਦਰਜੇ ਤੱਕ ਗੰਦੀ ਹੋ ਚੁੱਕੀ ਹੈ ਦੇ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਾਹ ਲੈਣ ਲਈ ਆਕਸੀਜਨ ਗੈਸ ਦੇ ਸਿਲੰਡਰ ਆਪਣੇ ਨਾਲ ਰੱਖਣੇ ਪਿਆ ਕਰਣਗੇ। ਪਾਣੀ ਤਾਂ ਪਹਿਲਾਂ ਹੀ ਮੁੱਲ ਵਿਕਣ ਲੱਗਾ ਹੈ। ਜਿਸ ਤੇਜੀ ਨਾਲ ਹਵਾ ਪ੍ਰਦੂਸ਼ਿਤ ਹੋ ਰਹੀ ਹੈ ਉਸ ਤੋਂ ਤਾਂ ਇਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਲਦੀ ਸ਼ੁੱਧ ਹਵਾ ਵੀ ਸਾਨੂੰ ਮੁੱਲ ਹੀ ਲੈਣੀ ਪਿਆ ਕਰੇਗੀ।

ਹਵਾ ਤੋਂ ਬਾਅਦ ਜੋ ਮਨੁੱਖੀ ਜੀਵਨ ਲਈ ਸਭ ਤੋਂ ਜਰੂਰੀ ਹੈ ਜਿਸਦੇ ਬਿਨ੍ਹਾਂ ਮਨੁੱਖੀ ਜੀਵਨ ਨੂੰ ਬਚਾਉਣਾ ਅਸੰਭਵ ਹੈ ਉਹ ਹੈ ਪਾਣੀ। ਜਿਸ ਤੇਜੀ ਨਾਲ ਪੰਜਾਬ ਦਾ ਪਾਣੀ ਝੋਨੇ ਆਦਿ ਲਈ ਵਰਤਣ ਕਾਰਨ ਕੁਦਰਤੀ ਰੂਪ 'ਚ ਖਤਮ ਹੋ ਰਿਹਾ ਹੈ ਉਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਨੂੰ ਰੇਗਿਸਤਾਨ ਬਨਣ ਲਈ ਅਸੀਂ ਬਹੁਤਾ ਸਮਾਂ ਨਹੀਂ ਲੱਗਣ ਦੇਵਾਂਗੇ। ਪੰਜਾਬ ਦੇ ਕਈ ਇਲਾਕੇ ਤਾਂ ਅੱਜ ਵੀ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਚੁੱਕੇ ਹਨ। ਦੂਜੇ ਪਾਸੇ ਪਾਣੀ ਦਾ ਪ੍ਰਦੂਸ਼ਣ ਇਸ ਹੱਦ ਤੱਕ ਵੱਧ ਗਿਆ ਹੈ ਕਿ ਪੰਜਾਬ ਜਿਸ ਦਾ ਨਾਮ ਹੀ ਪੰਜ ਪਾਣੀਆਂ ਦੀ ਧਰਤੀ ਹੈ, ਜਿਸਦੇ ਪਾਣੀ ਨੂੰ ਸੰਸਾਰ ਦੇ ਸਰਵੋਤਮ ਪਾਣੀਆਂ ਵਿੱਚੋਂ ਇੱਕ ਮੰਨਿਆਂ ਜਾਂਦਾ ਸੀ, ਜਿਸ ਨੂੰ ਅਮ੍ਰਿਤ ਕਿਹਾ ਜਾਂਦਾ ਸੀ ਅੱਜ ਉਸੀ ਪੰਜਾਬ ਦਾ ਪਾਣੀ ਪੀਣ ਯੋਗ ਨਹੀਂ ਰਿਹਾ। ਪੰਜਾਬ ਦੇ ਵਾਸੀ ਅਮ੍ਰਿਤ ਕਿਹਾ ਜਾਣ ਵਾਲਾ ਪਾਣੀ ਜੋ ਕਿ ਅੱਜ ਆਪਣੀ ਗੁਣਵਤਾ ਗਵਾ ਕੇ ਹੱਦ ਦਰਜੇ ਤੱਕ ਪ੍ਰਦੂਸ਼ਿਤ ਹੋ ਗਿਆ ਹੈ ਨੂੰ ਪੀਣ ਕਰਕੇ ਅਨੇਕਾਂ ਨਾ-ਮੁਰਾਦ ਬੀਮਾਰੀਆਂ ਜਿਵੇਂ ਕਿ ਕੈਂਸਰ, ਕਾਲਾ ਪੀਲੀਆ ਆਦਿ ਨਾਲ ਬੇ-ਵਕਤੀ ਮੌਤ ਦੇ ਮੂੰਹ 'ਚ ਜਾ ਰਹੇ ਹਨ। ਅਮ੍ਰਿਤ ਨੂੰ ਜ਼ਹਿਰ ਬਣਾਉਣ ਵਾਲਾ ਵੀ ਮਨੁੱਖ ਹੀ ਹੈ। ਵੱਡੇ-ਵੱਡੇ ਪੈਸਾ ਕਮਾਉਣ ਦੀ ਲਾਲਸਾ ਰੱਖਣ ਵਾਲੇ ਮਗਰਮੱਛਾਂ ਨੇ ਸਰਕਾਰਾਂ ਵਿੱਚ ਬੈਠੇ ਕੁਝ ਮਨੁੱਖਤਾ ਵਿਰੋਧੀ ਤੱਤਾਂ ਦੀ ਸਹਾਇਤਾ ਨਾਲ ਰਸਾਇਣਾਂ ਅਧਾਰਤ ਖੇਤੀ ਦੀ ਪਿਰਤ ਜੋ ਪਾਈ ਹੈ ਉਹ ਅੱਜ ਅੱਤ ਦਰਜੇ ਤੱਕ ਵੱਧ ਚੁੱਕੀ ਹੈ ਜਿਸ ਕਾਰਨ ਸਾਡੀਆਂ ਜਮੀਨਾਂ (ਜਿਸ ਨੂੰ ਮਾਂ ਦਾ ਦਰਜਾ ਵੀ ਦਿੱਤਾ ਜਾਂਦਾ ਹੈ) ਦੀ ਕੁਦਰਤੀ ਉਪਜਾਊ ਸ਼ਕਤੀ ਇਸ ਕਦਰ ਖਤਮ ਹੋ ਚੁੱਕੀ ਹੈ ਕਿ ਅੱਜ ਫਸਲ ਲੈਣ ਲਈ ਤਰ੍ਹਾਂ-ਤਰ੍ਹਾਂ ਦੀਆਂ ਜਹਿਰੀਲੀਆਂ ਖਾਦਾਂ ਅਤੇ ਸਪਰੇਆਂ ਤੇ ਨਿਰਭਰ ਹੋਣਾ ਪੈ ਰਿਹਾ ਹੈ ਜਿਸ ਕਾਰਨ ਸਾਡਾ ਪਾਣੀ ਅਤੇ ਸਮੁੱਚੀ ਭੋਜਨ ਲੜੀ (ਸ਼ਾਕਾਹਾਰੀ ਅਤੇ ਮਾਸਾਹਾਰੀ ਦੋਵੇਂ ਹੀ) ਵਿੱਚ ਜ਼ਹਿਰ ਘੁਲ ਚੁੱਕਾ ਹੈ। ਇਹ ਧੀਮਾ ਜ਼ਹਿਰ ਮਨੁੱਖੀ ਸਰੀਰ ਦੀ ਰੋਗ ਟਾਕਰਾ ਪ੍ਰਣਾਲੀ ਨੂੰ ਖਤਮ ਕਰਕੇ ਅਨੇਕਾਂ ਲਾ-ਇਲਾਜ਼ ਰੋਗਾਂ ਦਾ ਕਾਰਨ ਬਣ ਰਿਹਾ ਹੈ, ਜਿਨ੍ਹਾਂ ਰੋਗਾਂ ਕਾਰਨ ਮਨੁੱਖਤਾ ਦਿਨ-ਬ-ਦਿਨ ਆਪਣੇ ਆਪ ਹੀ ਖਤਮ ਹੋਣ ਵੱਲ ਵੱਧ ਰਹੀ ਹੈ। ਮਨੁੱਖੀ ਗਲਤੀਆਂ ਦੇ ਕਾਰਨ ਆਏ ਵਾਤਾਵਰਨ ਵਿੱਚ ਵਿਗਾੜ ਕਰਕੇ 700-800 ਦੇ ਲਗਭਗ ਜੀਵ-ਜੰਤੂਆਂ ਅਤੇ ਸਵਾ ਸੌ ਦੇ ਕਰੀਬ ਬਨਸਪਤੀ ਪ੍ਰਜਾਤੀਆਂ ਖਤਮ ਹੋ ਚੁੱਕੀਆਂ ਹਨ। ਇਸ ਤੋਂ ਵੀ ਵੱਧ ਜੀਵਾਂ ਅਤੇ ਬਨਸਪਤੀ ਦੀਆਂ ਪ੍ਰਜਾਤੀਆਂ ਖਤਮ ਹੋਣ ਵੱਲ ਤੇਜੀ ਨਾਲ ਅੱਗੇ ਵੱਧ ਰਹੀਆਂ ਹਨ। ਜੇ ਧਰਤੀ ਤੋਂ ਮਨੁੱਖ, ਜੀਵ-ਜੰਤੂ ਅਤੇ ਬਨਸਪਤੀ ਹੀ ਖਤਮ ਹੋ ਗਈ ਤਾਂ ਧਨ ਇੱਕਠਾ ਕਰਨ ਦੀ ਹੋੜ ਵਿੱਚ ਲੱਗੇ ਹੋਏ ਮਨੁੱਖਤਾ ਦੇ ਦੁਸ਼ਮਣ ਵੀ ਨਾਲ ਹੀ ਖਤਮ ਹੋ ਜਾਣਗੇ। ਇਸ ਕਰਕੇ ਵਾਤਾਵਰਣ ਅਤੇ ਮਨੁੱਖਤਾ ਦੇ ਦੁਸ਼ਮਣਾਂ ਨੂੰ ਧਨ ਦੀ ਚਕਾਚੌਂਦ ਵਿੱਚੋਂ ਨਿਕਲ ਕੇ ਇਸ ਤੇ ਸੋਚਣਾ ਚਾਹੀਦਾ ਹੈ ਜੇ ਮਨੁੱਖਤਾ ਬਚੇਗੀ ਤਾਂ ਹੀ ਉਨ੍ਹਾਂ ਦਾ ਧਨ ਅਤੇ ਉਹ ਖੁਦ ਬਚਣਗੇ! ਕਿੰਨੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਅੱਜ ਮਨੁੱਖ ਸਾਇੰਸ ਦੀਆਂ ਵੱਖ-ਵੱਖ ਖੋਜਾਂ ਦੀ ਸਹਾਇਤਾ ਨਾਲ ਅਰਬਾਂ ਡਾਲਰ ਖਰਚ ਕਰਕੇ ਦੂਜੇ ਗ੍ਰਹਿਆਂ ਤੇ ਜੀਵਨ ਦੇ ਅਵਸ਼ੇਸ਼ ਲੱਭਣ ਵਿੱਚ ਲੱਗਾ ਹੋਇਆ ਹੈ ਤੇ ਜੋ ਧਰਤੀ ਰੂਪੀ ਸਵਰਗ ਕੁਦਰਤ ਨੇ ਮਨੁੱਖ ਨੂੰ ਉਸਦੀਆਂ ਸਾਰੀਆਂ ਜਰੂਰਤਾਂ ਨਾਲ ਲਵਰੇਜ਼ ਕਰਕੇ ਤੋਹਫਾ ਦਿੱਤਾ ਹੈ, ਉਸ ਨੂੰ ਖਰਬਾਂ ਡਾਲਰ ਦਾ ਖਰਚ ਕਰਕੇ ਬਰਬਾਦ ਕਰਨ ਵਿੱਚ ਲੱਗਾ ਹੋਇਆ ਹੈ। ਰੁੱਖ ਜੋ ਕਿ ਧਰਤੀ ਦੇ ਵਾਤਾਵਰਨ ਦੇ ਸਤੁੰਲਨ ਨੂੰ ਬਣਾ ਕੇ ਰੱਖਣ ਲਈ ਅਤਿ ਜ਼ਰੂਰੀ ਹਨ ਨੂੰ (ਅੱਜ ਦੇ ਆਧੁਨਿਕ ਯੁੱਗ ਦਾ ਅਖੌਤੀ ਅਗਾਂਹ ਵਧੂ ਸੋਚ ਰੱਖਣ ਵਾਲਾ ਮਨੁੱਖ) ਅੰਨੇਵਾਹ ਕੱਟ ਕੇ ਵਾਤਾਵਰਨ ਦੇ ਕੁਦਰਤੀ ਸਤੁੰਲਨ ਨੂੰ ਵਿਗਾੜਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿਆ ਰਿਹਾ। ਇਸ ਕਰਕੇ ਸਮਝਦਾਰੀ ਇਸੀ ਗੱਲ ਵਿੱਚ ਹੈ ਕਿ ਪੈਸਾ ਦੂਜਿਆਂ ਗ੍ਰਹਿਆਂ ਤੇ ਬਰਬਾਦ ਕਰਨ ਦੇ ਨਾਲੋਂ ਜਿਸ ਧਰਤੀ ਨੂੰ ਕੁਦਰਤ ਦੇ ਨਿਯਮਾਂ ਨਾਲ ਛੇੜ-ਛਾੜ ਕਰਕੇ ਅਸੀਂ ਖੁਦ ਹੀ ਬਰਬਾਦ ਕੀਤਾ ਹੈ ਉਸ ਨੂੰ ਫਿਰ ਤੋਂ ਕੁਦਰਤੀ ਰੂਪ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨ ਵਿੱਚ ਲਗਾਉਣਾ ਚਾਹੀਦਾ ਹੈ। ਸਾਡੀਆਂ ਸਰਕਾਰਾਂ ਨੂੰ ਵੀ ਅੱਜ ਦੇ ਵਿਕਾਸ ਮਾਡਲ (ਜੋ ਕਿ ਕੁਦਰਤੀ ਵਾਤਾਵਰਨ ਅਤੇ ਮਨੁੱਖੀ ਸੋਮਿਆਂ ਦੀ ਪਰਵਾਹ ਨਾ ਕਰਕੇ ਕੇਵਲ ਲਾਭ ਵੱਲ ਧਿਆਨ ਦਿੰਦਾ ਹੈ ਜਿਸ ਕਰਕੇ ਹੀ ਅੱਜ ਮਨੁੱਖਤਾ ਤੇਜ਼ੀ ਨਾਲ ਵਿਨਾਸ਼ ਵੱਲ ਵੱਧ ਰਹੀ ਹੈ ) ਦੇ ਵਿੱਚ ਸੁਧਾਰ ਕਰਕੇ ਕੁਦਰਤ ਅਤੇ ਸਮੁੱਚੀ ਮਨੁੱਖਤਾ ਦੇ ਲਾਭ ਲਈ ਇਸ ਨੂੰ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ। ਅੰਤ ਵਿੱਚ ਮੈ ਇਹੀ ਕਹਾਂਗਾ ਕਿ ਹਵਾ ਅਤੇ ਪਾਣੀ ਦੀ ਕੋਈ ਸਰਹੱਦ ਨਹੀਂ ਹੁੰਦੀ। ਇਸ ਕਰਕੇ ਧਰਮਾਂ, ਜਾਤਾਂ, ਭਾਸ਼ਾਵਾਂ, ਦੇਸ਼ਾਂ, ਨਸਲਾਂ, ਅਮੀਰੀ-ਗਰੀਬੀ ਆਦਿ ਦੇ ਭੇਦ-ਭਾਵ ਤੋਂ ਉੱਪਰ ਉੱਠ ਕੇ ਸਵਰਗ ਰੂਪੀ ਧਰਤੀ ਨੂੰ ਬਚਾਉਣ ਲਈ ਸਮੁੱਚੇ ਵਿਸ਼ਵ ਦੇ ਲੋਕਾਂ ਨੂੰ ਆਪਣੀ ਨੈਤਿਕ ਜਿੰਮੇਵਾਰੀ ਸਮਝਦੇ ਹੋਏ ਅੱਗੇ ਆਉਣਾ ਚਾਹੀਦਾ ਹੈ ਤੇ ਇੱਕਜੁੱਟ ਹੋ ਕੇ ਇਮਾਨਦਾਰੀ ਨਾਲ ਯਤਨ ਕਰਨੇ ਚਾਹੀਦੇ ਹਨ ਤਾਂ ਹੀ ਅਸੀਂ ਮਨੁੱਖਤਾ ਅਤੇ ਵਾਤਾਵਰਨ ਨੂੰ ਬਚਾਉਣ ਲਈ ਅੱਗੇ ਵੱਧ ਕੇ ਖਤਮ ਹੋਣ ਦੇ ਕਗਾਰ ਤੇ ਖੜ੍ਹੀ ਸਮੁੱਚੀ ਜੀਵ ਜਾਤੀ ਅਤੇ ਬਨਸਪਤੀ ਨੂੰ ਬਚਾ ਸਕਦੇ ਹਾਂ। ਸਿੱਖ ਧਰਮ ਦੇ ਮੋਢੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕ ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ।। ਦੀ ਮਹਾਨਤਾ ਨੂੰ ਸਮਝਦੇ ਹੋਏ ਸਾਨੂੰ ਧਰਤੀ, ਹਵਾ, ਪਾਣੀ ਦੀ ਸ਼ੁੱਧਤਾ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।





ਮੁਹੰਮਦ ਬਸ਼ੀਰ
91-94171-58300

### ਅਧਿਆਪਕ ਦਿਵਸ 'ਤੇ ਵਿਸ਼ੇਸ਼

# 'ਅਧਿਆਪਨ ਇਕ ਕਿੱਤਾ ਨਹੀਂ, ਸਗੋਂ ਜੀਵਨ ਧਰਮ ਹੈ'



ਪ੍ਰੋ: ਐਚ.ਐਲ.ਕਪੂਰ

ਅੰਤਰ ਰਾਸ਼ਟਰੀ ਪੱਧਰ 'ਤੇ 'ਅਧਿਆਪਕ ਦਿਵਸ' 5 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਅਮਰੀਕਾ ਵਿਚ ਇਹ ਦਿਨ ਆਮ ਤੌਰ 'ਤੇ ਕੌਮੀ ਪੱਧਰ 'ਤੇ ਮਈ ਮਹੀਨੇ ਦੇ ਪਹਿਲੇ ਹਫਤੇ ਦੇ ਮੰਗਲਵਾਰ ਨੂੰ ਮਨਾਇਆ ਜਾਂਦਾ ਹੈ। ਭਾਰਤ 'ਚ ਹਰ ਸਾਲ ਇਹ ਦਿਨ 5 ਸਤੰਬਰ ਨੂੰ ਅਧਿਆਪਕਾਂ ਦਾ ਅਭਿਨੰਦਨ ਕਰਨ ਲਈ, ਅਧਿਆਪਕਾਂ ਵੱਲੋਂ ਭਾਰਤੀ ਸਮਾਜ ਨੂੰ ਉਸਾਰਨ 'ਚ ਪਾਏ ਯੋਗਦਾਨ ਬਦਲੇ ਮਨਾਇਆ ਜਾਂਦਾ ਹੈ। 5 ਸਤੰਬਰ ਦਾ ਦਿਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਜੀ ਦਾ ਜਨਮ ਦਿਵਸ ਹੁੰਦਾ ਹੈ ਕਿਉਂਕਿ ਉਹ ਵੀ ਇਕ ਮਹਾਨ ਵਿਦਵਾਨ ਅਧਿਆਪਕ ਸਨ।

ਭਾਰਤੀ ਸਮਾਜ ਦੇ ਬੱਚਿਆਂ ਦਾ ਭਵਿੱਖ ਉਸਾਰਨ ਦਾ ਜ਼ਿੰਮਾ ਸਿੱਧਿਆਂ ਅਤੇ ਅਸਿੱਧਿਆਂ ਅਧਿਆਪਕਾਂ ਦੇ ਹੱਥ 'ਚ ਹੁੰਦਾ ਹੈ। ਸਾਡੇ ਜੀਵਨ ਨੂੰ ਵਧੀਆ ਤੇ ਉਸਾਰੂ ਬਣਾਉਣ ਲਈ ਤੇ ਉਸ ਦਾ ਸਰਵਪੱਖੀ ਵਿਕਾਸ ਕਰਨ ਲਈ ਭਾਵੇਂ ਉਹ ਕਿੱਤਾਮੁਖੀ ਹੋਵੇ ਜਾਂ ਵਿਉਪਾਰਕ ਪੱਖੀ ਹੋਵੇ, ਨੂੰ ਸਫਲ ਬਣਾਉਣ ਲਈ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਅਧਿਆਪਕ ਸਾਨੂੰ ਸਮਾਜ ਦਾ ਵਧੀਆ ਮਨੁੱਖ ਬਣਾਉਣ ਲਈ ਤੇ ਦੇਸ਼ ਦਾ ਇਕ ਵਧੀਆ ਨਾਗਰਿਕ ਬਣਨ ਲਈ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਅਧਿਆਪਕ ਤੱਥ ਆਧਾਰਿਤ ਸਾਰੇ ਅੰਕੜੇ ਜਾਂ ਵੇਰਵੇ ਪੇਸ਼ ਕਰਦਾ ਹੈ ਤੇ ਇਸ ਸਾਰੀ ਜਾਣਕਾਰੀ ਦਾ ਵਿਸ਼ਲੇਸ਼ਣ ਕਰਕੇ ਵਿਦਿਆਰਥੀਆਂ ਦੇ ਦਿਮਾਗ 'ਚ ਬਿਠਾਉਂਦਾ ਹੈ। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਵਿਸ਼ਲੇਸ਼ਣ ਸਾਨੂੰ ਆਉਣ ਵਾਲੀਆਂ ਸਮੱਸਿਆਵਾਂ ਤੇ ਮੁਸ਼ਕਿਲ ਪ੍ਰਸਥਿਤੀਆਂ ਦਾ ਸਾਹਮਣਾ ਕਰਨ ਲਈ ਚੰਗਾ ਰਸਤਾ ਅਪਣਾਉਣ ਲਈ ਸਹਾਈ ਹੁੰਦਾ ਹੈ। ਇਹ ਅਸੀਂ ਮੂਲ ਰੂਪ 'ਚ ਸਭ ਕੁਝ ਸਿਰਫ ਅਧਿਆਪਕਾਂ ਵੱਲੋਂ ਹੀ ਸਿੱਖਦੇ ਹਾਂ।

ਹਰ ਸਮਾਜ ਦੀ ਬੁਨਿਆਦ ਸਿੱਖਿਆ 'ਤੇ ਟਿਕੀ ਹੁੰਦੀ ਹੈ। ਉੱਚ ਸਾਖਰਤਾ ਵਾਲੇ ਸਮਾਜ ਵੱਲੋਂ ਤਰੱਕੀ ਅਤੇ ਖੁਸ਼ਹਾਲੀ ਦੀਆਂ ਮੰਜ਼ਿਲਾਂ ਸਰ ਕਰਨ ਦਾ ਇਤਿਹਾਸ ਗਵਾਹ ਹੈ। ਆਪਣੇ ਬੱਚਿਆਂ ਲਈ ਉੱਚ ਪਾਏ ਦੀ ਸਿੱਖਿਆ ਦੇ ਬੰਦੋਬਸਤ ਕਰਨ ਵਾਲੇ ਸਮਾਜ ਅੱਜ ਸਮੁੱਚੇ ਸੰਸਾਰ ਦੀ ਅਗਵਾਈ ਕਰਨ ਦੇ ਸਮਰੱਥ ਹੋਏ ਪਏ ਹਨ। ਬਿਹਤਰ ਸਿੱਖਿਆ ਤੋਂ ਬਿਨਾਂ ਬੱਚੇ ਦੇ ਸਰਵਪੱਖੀ ਵਿਕਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਅਤੇ ਵਿਕਸਤ ਸ਼ਖਸੀਅਤ ਦੇ ਗੁਣਾਂ ਦੇ ਧਾਰਨੀ ਇਨਸਾਨਾਂ ਤੋਂ ਬਿਨਾਂ ਆਦਰਸ਼ ਸਮਾਜ ਦੇ ਨਿਰਮਾਣ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਫਿਰ ਸਿੱਖਿਆ ਪ੍ਰਦਾਨ ਕਰਨ ਦਾ ਕਾਰਜ ਵਾਲੇ ਅਧਿਆਪਕ ਦੀ ਭੂਮਿਕਾ ਤੋਂ ਬਿਨਾਂ ਆਦਰਸ਼ ਸਮਾਜ ਨਿਰਮਾਣ ਦੀ ਕਲਪਨਾ ਭਲਾ ਕਿਵੇਂ ਕੀਤੀ ਜਾ ਸਕਦੀ ਹੈ?

ਪੁਰਾਤਨ ਸਮਿਆਂ ਤੋਂ ਹੀ ਅਧਿਆਪਕ ਦੇ ਅਹੁਦੇ ਦਾ ਬੜਾ ਅਹਿਮ ਯੋਗਦਾਨ ਰਿਹਾ ਹੈ। ਪੁਰਾਤਨ ਸਮਿਆਂ 'ਚ ਸਾਡੇ ਸਮਾਜ 'ਚ ਅੱਖਰ ਗਿਆਨ ਦੇਣ ਦਾ ਕਾਰਜ ਵੀ ਅਧਿਆਤਮਕ ਗਿਆਨ ਦੇਣ ਵਾਲੇ ਧਾਰਮਿਕ ਗੁਰੂਆਂ ਵੱਲੋਂ ਹੀ ਕੀਤਾ ਜਾਂਦਾ ਸੀ। ਸਾਡੀ ਸੰਸਕ੍ਰਿਤੀ 'ਚ ਗੁਰੂ ਰੂਪੀ ਅਧਿਆਪਕ ਨੂੰ 'ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾਂ ਪੱਤ ਨਹੀਂ" ਕਹਿ ਕੇ ਵਡਿਆਇਆ ਗਿਆ ਹੈ। ਕਿਸੇ ਵੀ ਸਮਾਜ ਦੀ ਦਸ਼ਾ ਅਤੇ ਦਿਸ਼ਾ ਦਾ ਅੰਦਾਜ਼ਾ ਉਸਦੇ ਅਧਿਆਪਕਾਂ ਦੀ ਸ਼ਖਸੀਅਤ ਤੋਂ ਲਗਾਇਆ ਜਾ ਸਕਦਾ ਹੈ। ਹਰ ਸਮਾਜ ਦਾ ਭਵਿੱਖ ਉਸ ਦੇ ਬੱਚੇ ਹੁੰਦੇ ਹਨ ਅਤੇ ਬੱਚਿਆਂ ਦਾ ਚਰਿੱਤਰ ਨਿਰਮਾਣ ਅਧਿਆਪਕ ਨੇ ਹੀ ਕਰਨਾ ਹੁੰਦਾ ਹੈ।

ਭਾਰਤ 'ਚ ਅਧਿਆਪਕ ਦਿਵਸ ਅਸੀਂ ਹਰ ਸਾਲ 5 ਸਤੰਬਰ ਨੂੰ ਅਧਿਆਪਕਾਂ ਦਾ ਸਵਾਗਤ ਕਰਨ ਲਈ ਮਨਾਉਂਦੇ ਹਾਂ ਕਿਉਂਕਿ ਅਧਿਆਪਕ ਸਾਡੇ ਸਮਾਜ ਦੀ ਉਸਾਰੂ ਤਰੱਕੀ ਤੇ ਵਧੀਆ ਜੀਵਨ ਯੁਕਤੀ ਲਈ ਆਪਣਾ ਮਹਾਨ ਯੋਗਦਾਨ ਪਾਉਂਦੇ ਹਨ। ਇਹ ਦਿਨ ਸਾਡੇ ਸਾਬਕਾ ਰਾਸ਼ਟਰਪਤੀ ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਜੀ ਦਾ ਜਨਮ ਦਿਨ ਹੁੰਦਾ ਹੈ। ਉਹ ਇਕ ਮਹਾਨ ਵਿਦਵਾਨ ਤੇ ਇਕ ਬਹੁਤ ਹੀ ਉੱਚ ਕੋਟੀ ਦੇ ਅਧਿਆਪਕ ਵੀ ਸਨ। ਉਹਨਾਂ ਦੀ ਆਤਮਕ ਬੌਧਿਕਤਾ, ਨੈਤਿਕ ਬੌਧਿਕਤਾ ਤੇ ਪ੍ਰਬੁੱਧਤਾ ਬੜੀ ਉੱਚ ਪਾਏ ਦੀ ਸੀ ਤੇ ਸਾਡੇ ਲਈ ਬੜੇ ਸਤਿਕਾਰਯੋਗ ਵਿਦਵਾਨ ਤੇ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸਨ ਤੇ ਇਸ ਦੇ ਨਾਲ ਹੀ ਉਹ ਇਕ ਮਹਾਨ ਅਧਿਆਪਕ ਵੀ ਸਨ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਅਧਿਆਪਕ ਸਮਾਜ ਦੇ ਸਭ ਤੋਂ ਵੱਧ ਰੌਸ਼ਨ ਦਿਮਾਗ ਹੁੰਦੇ ਹਨ। ਅਨਪੜ੍ਹਤਾ ਕਾਰਨ ਬਹੁਤ ਸਾਰੀ ਸਮਾਜਿਕ ਸ਼ਕਤੀ ਦਿਸ਼ਾਹੀਣ ਹੁੰਦੀ ਹੈ ਤੇ ਉਸ ਸ਼ਕਤੀ ਨੂੰ ਗਿਆਨ ਪ੍ਰਦਾਨ ਕਰਕੇ ਦਿਸ਼ਾਬੱਧ ਬਣਾਉਣਾ ਅਧਿਆਪਕ ਦਾ ਪ੍ਰਮੁੱਖ ਕਾਰਜ ਹੈ। ਭਟਕਦੇ ਮਨ ਨੂੰ ਸ਼ਾਂਤ ਕਰਨ ਦਾ ਇਕ ਮਾਤਰ ਉਪਾਅ ਗਿਆਨ ਹੈ ਜੋ ਕਿ ਅਧਿਆਪਕ ਵੱਲੋਂ ਪ੍ਰਾਪਤ ਹੁੰਦਾ ਹੈ। ਡਾ. ਰਾਧਾ ਕ੍ਰਿਸ਼ਨਨ ਜੀ ਨੇ ਸਿੱਖਿਆ ਨੂੰ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਤਬਦੀਲੀ ਦੇ ਮੁੱਖ ਤੱਤ ਵਜੋਂ ਪਰਿਭਾਸ਼ਿਤ ਕੀਤਾ ਹੈ।

ਕ੍ਰਿਸ਼ਨਾ ਮੂਰਤੀ ਇਕ ਸਰਲ ਸੁਭਾਵੀ ਮਹਾਨ ਸਿੱਖਿਅਕ ਸਨ। ਜਿਹਨਾਂ ਨੇ ਦੁਨੀਆਂ ਦੇ ਅਲੱਗ-ਅਲੱਗ ਹਿੱਸਿਆਂ ਵਿਚ ਚੰਗੀ ਸਿੱਖਿਆ ਬਾਰੇ ਹੋਏ ਸਮਾਗਮਾਂ ਵਿਚ ਆਪਣੇ ਵਿਚਾਰ ਦਿੱਤੇ। ਕ੍ਰਿਸ਼ਨਾ ਮੂਰਤੀ ਦਾ ਮੰਨਣਾ ਸੀ ਕਿ ਪਰਿਵਰਤਨ ਵਿਅਕਤੀ ਦੇ ਦਿਲ ਵਿਚ ਹੌਲੀ-ਹੌਲੀ ਨਹੀਂ, ਬਲਕਿ ਤੁਰੰਤ ਹੋਣਾ ਚਾਹੀਦਾ ਹੈ। ਮਹਾਨ ਸਮਾਜ ਸ਼ਾਸਤਰੀ ਇਮਾਨੀਲ ਤੁਰਾਖਾਇਨ ਅਨੁਸਾਰ ਅਧਿਆਪਕ ਸਮਾਜੀਕਰਨ ਪ੍ਰਕਿਰਿਆ ਦੀ ਨੀਂਹ ਹੈ, ਜਿਸ ਤਰ੍ਹਾਂ ਦੀ ਨੀਂਹ ਹੋਵੇਗੀ, ਉਸ ਤਰ੍ਹਾਂ ਦੀ ਹੀ ਪੀੜ੍ਹੀ ਹੋਵੇਗੀ ਅਤੇ ਜਿਸ ਦੀ ਪੀੜ੍ਹੀ ਹੋਵੇਗੀ, ਉਸ ਤਰ੍ਹਾਂ ਦੀ ਹੀ ਸਭਿਅਤਾ ਹੋਵੇਗੀ। ਜੇਕਰ ਅਸੀਂ ਚੰਗੀ ਸਭਿਅਤਾ ਸਥਾਪਤ ਕਰਨੀ ਹੈ ਤਾਂ ਸਾਨੂੰ ਅਧਿਆਪਕ ਪ੍ਰਣਾਲੀ ਚੰਗੀ ਬਣਾਉਣ ਦੀ ਲੋੜ ਹੈ।

ਅਧਿਆਪਕ ਦਿਵਸ ਤੇ ਇਸ ਦਿਨ ਨੂੰ ਮਨਾਉਣ ਲਈ ਤੇ ਅਧਿਆਪਕਾਂ ਦਾ ਸਨਮਾਨ ਕਰਨ ਲਈ ਸਕੂਲਾਂ ਤੇ ਕਾਲਜਾਂ 'ਚ ਇਕੱਤਰਤਾ ਕਰਦੇ ਹਨ। ਇਸ 'ਚ ਸਭ ਅਧਿਆਪਕ ਤੇ ਵਿਦਿਆਰਥੀ ਸ਼ਾਮਲ ਹੁੰਦੇ ਹਨ। ਮਨੋਰੰਜਨ ਪ੍ਰੋਗਰਾਮ ਹੁੰਦੇ ਹਨ। ਖੇਡਾਂ ਵੀ ਹੁੰਦੀਆਂ ਹਨ। ਇਸ ਇਕੱਤਰਤਾ 'ਚ ਸਿਫ਼ਤ ਤੇ ਸ਼ਲਾਘਾ ਕੀਤੀ ਜਾਂਦੀ ਹੈ। ਵਿਦਿਆਰਥੀ ਆਪਣੇ ਭਾਸ਼ਣਾਂ 'ਚ ਅਧਿਆਪਕਾਂ ਦੁਆਰਾ ਉਹਨਾਂ ਦੇ ਜੀਵਨ 'ਚ ਪਾਏ ਯੋਗਦਾਨ ਤੇ ਸਮਾਜ ਨੂੰ ਦਿੱਤੀ ਗਈ ਸੇਧ ਦਾ ਉਚੇਚਾ ਜ਼ਿਕਰ ਕਰਦੇ ਹਨ। ਸਾਨੂੰ ਅਧਿਆਪਕਾਂ ਨੂੰ ਹਮੇਸ਼ਾ ਮਾਣ-ਸਤਿਕਾਰ ਦੇਣਾ ਚਾਹੀਦਾ ਹੈ। ਅਧਿਆਪਕ ਦੀ ਦਿਲੀ ਇੱਛਾ ਹੁੰਦੀ ਹੈ ਕਿ ਸਮਾਜ ਉਹਨਾਂ ਦੀ ਸਹਾਇਤਾ ਕਰੇ। ਉਹਨਾਂ ਦੀ ਸਮਾਜ ਦੀ ਉਸਾਰੀ ਲਈ ਹੌਸਲਾ ਅਫਜ਼ਾਈ ਕਰੇ ਤਾਂ ਜੋ ਉਹ ਬੱਚਿਆਂ ਨੂੰ ਬੌਧਿਕਤਾ ਦਾ ਖਜ਼ਾਨਾ ਤੇ ਚੰਗੀ ਵਿਚਾਰਧਾਰਾ ਦੇ ਸਕਣ। ਭਾਰਤ 'ਚ ਅਧਿਆਪਕ ਦਿਵਸ 'ਤੇ ਸਮੁੱਚੇ ਭਾਰਤ 'ਚ ਹਮੇਸ਼ਾ ਅਧਿਆਪਕਾਂ ਨੂੰ ਮਾਣ-ਸਤਿਕਾਰ ਦਿੱਤਾ ਜਾਵੇ। ਅਧਿਆਪਕ ਵੀ ਸਮਾਜ ਤੋਂ ਹਮੇਸ਼ਾ ਸਹਿਯੋਗ ਤੇ ਹੌਸਲਾ ਅਫਜ਼ਾਈ ਚਾਹੁੰਦਾ ਹੈ ਤਾਂ ਕਿ ਉਹ ਸਮਾਜ ਦੀ ਵਧੀਆ ਉਸਾਰੀ ਕਰ ਸਕਣ ਤੇ ਬੱਚਿਆਂ ਨੂੰ ਆਪਣੀ ਜ਼ਿੰਦਗੀ 'ਚ ਸਫਲ ਹੋਣ ਲਈ ਆਪਣੀ ਬੌਧਿਕਤਾ ਤੇ ਚੰਗੀ ਵਿਚਾਰਧਾਰਾ ਦੇ ਸਕਣ, ਜਿਸ ਨਾਲ ਉਹਨਾਂ ਦਾ ਜੀਵਨ ਸਫਲ ਹੋ ਸਕੇ। ਭਾਰਤ 'ਚ ਅਧਿਆਪਕ ਦਿਵਸ 'ਤੇ ਭਾਰਤ ਦੇ ਰਾਸ਼ਟਰਪਤੀ ਹਰ ਸਾਲ ਵਧੀਆ ਅਧਿਆਪਕਾਂ ਨੂੰ 'ਨੈਸ਼ਨਲ ਐਵਾਰਡ' ਨਾਲ ਸਨਮਾਨਿਤ ਕਰਦੇ ਹਨ। ਇਹ ਸਨਮਾਨ ਪ੍ਰਾਇਮਰੀ, ਮਿਡਲ ਤੇ ਸੀਨੀਅਰ ਸੈਕੰਡਰੀ ਦੇ ਅਧਿਆਪਕਾਂ ਨੂੰ ਲੋਕਾਂ ਦੇ ਤੇ ਵਿਦਿਆਰਥੀਆਂ ਦੇ ਪਸੰਦੀਦਾ ਅਧਿਆਪਕਾਂ ਨੂੰ ਸਨਮਾਨ ਵਜੋਂ ਦਿੱਤੇ ਜਾਂਦੇ ਹਨ।



ਮਾਣਯੋਗ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੇ ਕਥਨ ਅਨੁਸਾਰ ''ਅਧਿਆਪਨ ਇਕ ਕਿੱਤਾ ਨਹੀਂ ਹੈ ਸਗੋਂ ਇਕ ਜੀਵਨ ਜਿਊਣ ਦਾ ਇਕ ਤਰੀਕਾ ਹੈ।' ਅੱਗੇ ਉਹ ਹੋਰ ਕਹਿੰਦੇ ਹਨ 'ਅਧਿਆਪਨ ਇਕ ਕਿੱਤਾ ਨਹੀਂ ਹੈ ਸਗੋਂ 'ਜੀਵਨ ਧਰਮ ਹੈ' ਤੇ ਉਹ ਅਧਿਆਪਕਾਂ ਨੂੰ ਇਹ ਵੀ ਸੰਦੇਸ਼ ਦਿੰਦੇ ਹਨ ਕਿ ਸੰਸਾਰ 'ਚ ਜੋ ਪਰਿਵਰਤਨ ਹੋ ਰਿਹਾ ਹੈ, ਇਸ ਨੂੰ ਅਧਿਆਪਕ ਸਮਝਣ ਤੇ ਆਉਣ ਵਾਲੀਆਂ ਨਸਲਾਂ ਨੂੰ ਇਸ ਦੀ ਸਮਝ ਪ੍ਰਦਾਨ ਕਰਨ ਤਾਂ ਜੋ ਉਹ ਉਹਨਾਂ ਪ੍ਰਸਥਿਤੀਆਂ ਅਨੁਸਾਰ ਚੱਲ ਸਕਣ। ਇਹ ਅਧਿਆਪਕਾਂ ਦੀ ਇਕ ਇਖਲਾਕੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਦੀ ਇਸ ਪ੍ਰਤੀ ਅਗਵਾਈ ਕਰਨ ਤਾਂ ਜੋ ਉਹ ਜਾਗਰੂਪ ਹੋ ਸਕਣ। ਉਹਨਾਂ ਨੇ ਇਹ ਵੀ ਕਿਹਾ ਕਿ ਇਸ ਤਰ੍ਹਾਂ ਮੁੜ ਭਾਰਤ 'ਵਿਸ਼ਵ ਗੁਰੂ( ਬਣ ਸਕਦਾ ਹੈ। ਭਾਰਤ 'ਚ ਸਾਨੂੰ ਅਧਿਆਪਕਾਂ ਦਾ ਉੱਚਾ ਮਾਣ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਜੋ ਉਹ ਵਿਦਿਆਰਥੀਆਂ ਨੂੰ ਇਸ ਗੱਲ ਲਈ ਉਤਸ਼ਾਹਿਤ ਕਰਨ ਤਾਂ ਕਿ ਉਹ ਕੌਮ ਦੀਆਂ ਸਮੱਸਿਆਵਾਂ ਦਾ ਆਲੋਚਨਾਤਮਕ ਅਧਿਐਨ ਕਰ ਸਕਣ। ਉਹਨਾਂ ਇਹ ਵੀ ਕਿਹਾ ਕਿ ਅਧਿਆਪਕਾਂ ਦਾ ਦ੍ਰਿੜ੍ਹ ਸੰਕਲਪ ਤੇ ਇਸ ਪ੍ਰਤੀ ਗੰਭੀਰਤਾ ਦੇਸ਼ ਦੀ ਤਕਦੀਰ ਬਦਲ ਸਕਦੀਆਂ ਹਨ ਤੇ ਉਹ ਇਸ ਤਰ੍ਹਾਂ ਦੇਸ਼ ਦੀ ਬੁਨਿਆਦ ਤੇ ਇਸ ਦੀ ਉਸਾਰੀ ਨਾਲ ਨਵਾਂ ਸਮਾਜ ਸਿਰਜ ਸਕਦੇ ਹਨ।''

ਅਧਿਆਪਕ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਵਿਕਸਤ ਕਰਨ ਜਿਸ ਨਾਲ ਉਹ ਆਪਣੇ ਸਾਰੇ ਜੀਵਨ 'ਚ ਇਕ ਅਜਿਹੀ ਗਿਆਨ, ਸਿਆਣਪਤ ਤੇ ਪੁਨਰ ਜਾਗਰਣ ਦੀ ਤਸਵੀਰ ਬਣ ਕੇ ਲੋਕਾਂ ਨੂੰ ਸੂਝਵਾਨ ਬਣਾ ਸਕਣ। ਉਹ ਸਾਡੇ ਜੀਵਨ ਨੂੰ ਰੌਸ਼ਨ ਕਰਨ ਲਈ ਇਕ ਚਾਨਣ ਮੁਨਾਰਾ ਬਣ ਸਕਦੇ ਹਨ। ਇਸ ਸਭ ਦੇ ਪਿੱਛੇ ਸਾਡੇ ਅਧਿਆਪਕਾਂ ਦਾ ਇਸ ਦੀ ਸਫਲਤਾ ਲਈ ਬੜਾ ਵੱਡਾ ਹੱਥ ਹੈ। ਅਧਿਆਪਕ ਸਾਡੇ ਗਿਆਨ 'ਚ ਵਾਧਾ, ਕਿੱਤੇ 'ਚ ਮੁਹਾਰਤ, ਦ੍ਰਿੜ੍ਹ ਵਿਸ਼ਵਾਸ ਤੇ ਇਸ ਦੇ ਨਾਲ ਨਾਲ ਜ਼ਿੰਦਗੀ 'ਚ ਸਹੀ ਰਸਤਾ ਚੁਣਨ ਤੇ ਉਸ 'ਚ ਕਾਮਯਾਬੀ ਹਾਸਲ ਕਰਨ 'ਚ ਸਹਾਈ ਹੋ ਸਕਦੇ ਹਨ। ਉਹ ਸਾਡੇ ਲਈ ਬਹੁਤ ਕੁਝ ਕਰ ਸਕਦੇ ਹਨ ਪਰ ਅਫਸੋਸ ਦੀ ਗੱਲ ਹੈ ਕਿ ਕੋਈ ਵੀ ਉਹਨਾਂ ਦਾ ਇਸ ਬੇਸ਼ਕੀਮਤੀ ਯੋਗਦਾਨ ਲਈ ਧੰਨਵਾਦ ਨਹੀਂ ਕਰਦਾ। ਇਸ ਲਈ ਇਕ ਵਿਦਿਆਰਥੀ ਦੀ ਹੈਸੀਅਤ 'ਚ ਸਾਡਾ ਇਹ ਫਰਜ਼ ਬਣਦਾ ਹੈ ਕਿ ਘੱਟ ਤੋਂ ਘੱਟ ਸਾਲ 'ਚ ਇਕ ਵਾਰੀ ਤਾਂ ਜ਼ਰੂਰ ਉਹਨਾਂ ਦਾ ਧੰਨਵਾਦ ਕਰੀਏ।

ਇਹ ਵੀ ਠੀਕ ਹੀ ਕਿਹਾ ਗਿਆ ਹੈ ਕਿ 'ਗੁਰੂ ਬ੍ਰਹਮਾ ਗੁਰੂ ਵਿਸ਼ਨੂੰ: ਗੁਰੂ ਦੇਵੋ ਮਹੇਸ਼ਵਰਾ:। ਗੁਰੂ ਸਸ਼ਾਕਸ਼ਾਤਰ ਪਰਬ੍ਰਹਮ ਤਸਮੈ ਸ੍ਰੀ ਗੁਰਵੇ ਨਮ:? ਸੰਸਕ੍ਰਿਤ ਦੀਆਂ ਇਹਨਾਂ ਪੰਕਤੀਆਂ ਦਾ ਅਰਥ ਹੈ ਕਿ ''ਗੁਰੂ ਹੀ ਅਸਲ ਵਿਚ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ਵਰਾ ਦਾ ਪ੍ਰਤੀਨਿਧੀ/ ਨੁਮਾਇੰਦਾ ਹੈ। ਉਹ ਹੀ ਕੁਦਰਤ ਦੀ ਸ੍ਰਿਸ਼ਟੀ ਦਾ ਰਚਣਹਾਰ ਹੈ, ਉਹ ਹੀ ਸ਼ਕਤੀ ਤੇ ਗਿਆਨ ਬਖਸ਼ਦਾ ਹੈ ਤੇ ਉਹ ਹੀ ਅਗਿਆਨਤਾ ਦਾ ਗੰਦ ਕੱਢਦਾ ਹੈ। ਮੈਂ ਅਜਿਹੇ ਗੁਰੂ ਨੂੰ ਸਲਾਮ ਕਰਦਾ ਹਾਂ।'' ਭਾਰਤੀ ਫਸਲਫੇ ਅਨੁਸਾਰ ਗੁਰੂ ਦਾ ਦਰਜਾ, ਪ੍ਰਮਾਤਮਾ ਤੋਂ ਉਪਰ ਹੈ। ਸੋ ਸਾਨੂੰ ਸਭ ਨੂੰ ਅਧਿਆਪਕ ਦਾ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਹੀ ਅਧਿਆਪਕ ਦਿਵਸ ਮਨਾਉਣ ਦੀ ਅਸਲ ਭਾਵਨਾ ਸਾਕਾਰ ਹੋ ਸਕਦੀ ਹੈ।

ਅਧਿਆਪਕ ਦਿਵਸ ਦੇ ਮੌਜੂਦਾ ਹਾਲਾਤ ਨੂੰ ਛੱਡ ਕੇ ਜੇਕਰ ਇਸ ਦੇ ਪਿਛਲੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਡਾ. ਰਾਧਾ ਕ੍ਰਿਸ਼ਨਨ ਜੀ ਦਾ ਜਨਮ ਇਕ ਛੋਟੇ ਸ਼ਹਿਰ 'ਚ ਹੋਇਆ ਸੀ ਤੇ ਉਹਨਾਂ ਦੀ ਪਾਲਣਾ-ਪੋਸ਼ਣਾ ਉਥੇ ਹੀ ਹੋਈ ਤੇ ਉਹਨਾਂ ਦੇ ਉਤਸ਼ਾਹ ਨੂੰ ਦੇਖਦਿਆਂ ਹੋਇਆਂ ਉਹ ਭਾਰਤ ਦੀ ਲੋਕਰਾਜੀ ਵਿਵਸਥਾ 'ਚ ਬਹੁਤ ਵੱਡੇ ਰਾਜਨੀਤਿਕ ਨੇਤਾ ਬਣੇ।

ਡਾ. ਰਾਧਾ ਕ੍ਰਿਸ਼ਨਨ ਜੀ ਆਪਣੇ ਸਮਕਾਲੀਆਂ 'ਚੋਂ ਇਕ ਬਹੁਤ ਵੱਡੇ ਫਿਲਾਸਫ਼ਰ ਤੇ ਵਿਦਵਾਨ ਲਿਖਾਰੀ ਸਨ। ਉਹਨਾਂ ਦੀ ਦੇਣ ਦਾ ਆਧਾਰ ਸਿਧਾਂਤਕ, ਇਕ ਬ੍ਰਹਮ ਗਿਆਨੀ, ਸਦਾਚਾਰਕ, ਗਿਆਨ ਵਰਧਕ, ਸਮੂਹਦਾਇਕ ਵਿਸ਼ਿਆਂ ਦਾ ਗਿਆਨ ਦੇਣ ਵਾਲੀ ਸੀ। ਉਹਨਾਂ ਨੇ ਬਹੁ-ਗਿਣਤੀ 'ਚ ਲੇਖ ਲਿਖੇ ਜੋ ਭਿੰਨ-ਭਿੰਨ ਵਿਸ਼ਿਆਂ ਦਾ ਗਿਆਨ ਦਿੰਦੇ ਹਨ ਤੇ ਇਹਨਾਂ ਨੂੰ ਉਹਨਾਂ ਨੇ ਉਸ ਸਮੇਂ ਦੀਆਂ ਅਖ਼ਬਾਰਾਂ 'ਚ ਛਪਵਾਇਆ। ਇਹਨਾਂ ਦੇ ਵਿਸ਼ਿਆਂ ਦਾ ਕੱਦ ਬਹੁਤ ਸਮਾਰਟ ਸੀ, ਜਿਹੜੇ ਕਿ ਦੈਵੀ-ਸੰਦੇਸ਼ ਦਿੰਦੇ ਸਨ। ਇਹਨਾਂ ਲੇਖਾਂ ਨੂੰ ਹਰ ਵਰਗ ਦੇ ਲੋਕ ਪਸੰਦ ਕਰਦੇ ਸਨ ਕਿਉਂਕਿ ਇਹਨਾਂ ਦੀ ਗਿਆਨ ਗੂੜ੍ਹਤਾ ਬੜੀ ਗੁਣਾਰਥ ਸੀ। ਡਾ. ਰਾਧਾ ਕ੍ਰਿਸ਼ਨਨ ਜੀ 1962 ਈਸਵੀ 'ਚ ਭਾਰਤ ਦੇ ਰਾਸ਼ਟਰਪਤੀ ਬਣੇ। ਉਹਨਾਂ ਦੇ ਕੁਝ ਦੋਸਤ ਤੇ ਵਿਦਿਆਰਥੀਆਂ ਨੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ 5 ਸਤੰਬਰ ਨੂੰ ਉਹਨਾਂ ਦਾ ਜਨਮ ਦਿਨ ਮਨਾਉਣਾ ਚਾਹੁੰਦੇ ਹਨ। ਉਹਨਾਂ ਨੇ ਬੜੀ ਸੂਝ ਨਾਲ ਉੱਤਰ ਦਿੱਤਾ ਕਿ ਇਸ ਦਿਨ ਨੂੰ ਬੜੀ ਤੜਕ-ਭੜਕ ਨਾਲ 'ਅਧਿਆਪਕ ਦਿਵਸ' ਦੇ ਤੌਰ 'ਤੇ ਮਨਾਇਆ ਜਾਵੇ ਤੇ ਇਸ ਦਿਨ 'ਤੇ ਪੜਤਾਲਵੀ ਨਜ਼ਰ ਨਾਲ ਅਧਿਆਪਕਾਂ ਦੇ ਯੋਗਦਾਨ ਤੇ ਉਸਾਰੂ ਸਮਾਜ ਦੀ ਸਥਾਪਨਾ ਦੇ ਨਾਲ-ਨਾਲ, ਅਧਿਆਪਕਾਂ ਦੀਆਂ ਸਮੱਸਿਆਵਾਂ ਨੂੰ ਵੀ ਵਿਚਾਰਿਆ ਜਾਵੇ ਤੇ ਉਹਨਾਂ ਦੀ ਚੰਗੇ ਕੰਮਾਂ ਲਈ ਉਹਨਾਂ ਨੂੰ ਸਨਮਾਨਿਤ ਵੀ ਕੀਤਾ ਜਾਵੇ। ਇਹ ਬੇਨਤੀ ਇਹ ਜ਼ਾਹਿਰ ਕਰਦੀ ਹੈ ਕਿ ਡਾ. ਰਾਧਾ ਕ੍ਰਿਸ਼ਨਨ ਜੀ ਦੀ ਸੰਵੇਦਨਸ਼ੀਲਤਾ ਤੇ ਸਮਰਪਣ ਦੀ ਭਾਵਨਾ ਉਨ੍ਹਾਂ ਦੇ ਅਧਿਐਨ ਦੇ ਸਮੇਂ 'ਚ ਕਿੰਨੀ ਪ੍ਰਬੱਲ ਸੀ। ਉਸੇ ਸਮੇਂ ਤੋਂ ਭਾਰਤ 'ਚ 5 ਸਤੰਬਰ ਨੂੰ 'ਅਧਿਆਪਕ ਦਿਵਸ' ਮਨਾਉਣਾ ਆਰੰਭ ਹੋ ਗਿਆ।

ਉਸ ਦਿਨ ਅਧਿਆਪਕ ਦਿਵਸ 'ਤੇ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਖੁਸ਼ ਕਰਨ ਲਈ ਅਨੇਕਾਂ ਮਨੋਰੰਜਕ ਕਿਰਿਆਵਾਂ ਸਕੂਲਾਂ ਤੇ ਕਾਲਜਾਂ 'ਚ ਕੀਤੀਆਂ। ਬੱਚਿਆਂ ਨੇ ਗੀਤ-ਸੰਗੀਤ ਦੇ ਪ੍ਰੋਗਰਾਮ ਪੇਸ਼ ਕੀਤੇ ਤੇ ਮੁਕਾਬਲੇ ਕਰਵਾਏ ਗਏ। ਕਵਿਤਾ ਪਾਠ ਕਰਵਾਏ ਗਏ, ਬੱਚਿਆਂ ਨੇ ਅਧਿਆਪਕਾਂ ਦੀਆਂ ਸਾਗਾਂ ਵੀ ਲਗਾਈਆਂ। ਅਧਿਆਪਕਾਂ ਦੇ ਆਪਸੀ ਮੁਕਾਬਲੇ ਵੀ ਕਰਵਾਏ ਗਏ। ਕਈ ਤਰ੍ਹਾਂ ਦੀਆਂ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਗਏ। ਪਿਕਨਿਕ ਵੀ ਮਨਾਈ ਗਈ। ਅਧਿਆਪਕਾਂ ਨੂੰ ਤੋਹਫੇ ਵੀ ਦਿੱਤੇ ਗਏ ਤੇ ਅਧਿਆਪਕਾਂ ਨੇ ਬੱਚਿਆਂ ਦਾ ਧੰਨਵਾਦ ਵੀ ਕੀਤਾ। ਇਸ ਤਰ੍ਹਾਂ ਇਹ ਦਿਨ 'ਅਧਿਆਪਕ ਦਿਵਸ' ਨੂੰ ਸਮਰਪਿਤ ਕਰ ਦਿੱਤਾ ਗਿਆ।

ਅਧਿਆਪਕ ਦਿਵਸ ਮਨਾਉਣਾ ਬੱਚਿਆਂ ਤੇ ਅਧਿਆਪਕਾਂ ਲਈ ਜਿੱਥੇ ਮਨੋਰੰਜਨ ਦਾ ਸਾਧਨ ਹੈ, ਉਸ ਦੇ ਨਾਲ ਹੀ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਨੇੜਤਾ ਨੂੰ ਵੀ ਵਧਾਉਂਦਾ ਹੈ। ਇਸ ਲਈ ਅਧਿਆਪਕ ਦਿਵਸ 'ਤੇ ਆਪਣੇ ਅਧਿਆਪਕਾਂ ਨੂੰ ਮਿਲੋ ਤੇ ਉਹਨਾਂ ਨੂੰ ਸ਼ੁਭ ਇੱਛਾਵਾਂ ਵੀ ਦਿਓ। ਜੇਕਰ ਉਹ ਤੁਹਾਡੇ ਤੋਂ ਦੂਰ-ਦੁਰਾਡੇ ਵੀ ਹਨ ਤਾਂ ਉਹਨਾਂ ਨੂੰ ਸੁਨੇਹਾ ਪੇਜ ਕੇ ਸ਼ੁਭ-ਇੱਛਾਵਾਂ ਵੀ ਦਿਓ ਤੇ ਇਸ ਦਿਨ ਨੂੰ ਇਕ ਯਾਦਗਾਰੀ ਦਿਨ ਬਣਾ ਦਿਓ।

ਅਧਿਆਪਕਾਂ ਦੇ ਪ੍ਰਸੰਗ 'ਚ ਇਹ ਸ਼ਬਦ ਪ੍ਰਯੋਗ ਕੀਤੇ ਜਾਂਦੇ ਹਨ ਕਿ ਉਹ ਵਿਦਿਆਰਥੀਆਂ ਨਾਲ ਸਾਂਝ ਵਧਾਉਂਦਾ ਹੈ, ਉਹਨਾਂ ਦੇ ਆਚਰਣ ਦੀ ਉਸਾਰੀ ਕਰਦਾ ਹੈ। ਉਹਨਾਂ ਦਾ ਆਤਮਕ ਤੇ ਨੈਤਿਕ ਗਿਆਨ ਵਧਾਉਂਦਾ ਹੈ। ਚੰਗੇ ਅਧਿਆਪਕ ਸਿਰਫ ਉਸਤਾਦ ਹੀ ਨਹੀਂ ਹੁੰਦੇ। ਉਹ ਆਪਣੇ ਵਿਦਿਆਰਥੀਆਂ ਦੇ ਚੰਗੇ ਆਚਰਣ ਦੀ ਆਪਣੀ ਵਿਦਵਤਾ ਦੇ ਆਪਣੀ ਸਦਾਚਾਰਕ ਦ੍ਰਿਸ਼ਟੀ ਨਾਲ ਉਸਾਰੀ ਵੀ ਕਰਦਾ ਹੈ ਤੇ ਦੂਜਿਆਂ ਲਈ ਵੀ ਉਹ ਇਕ ਉਦਾਹਰਣ ਬਣਦਾ ਹੈ।

ਭਾਵੇਂ ਸਰਕਾਰਾਂ ਅਧਿਆਪਕ ਦੀ ਚੰਗੀ ਕਾਰਗੁਜ਼ਾਰੀ ਕਰਕੇ ਉਸ ਨੂੰ ਸਨਮਾਨਿਤ ਕਰਦੀਆਂ ਹਨ ਪਰ ਉਸ ਨੂੰ ਉਸ ਸਮੇਂ ਬਹੁਤ ਖੁਸ਼ੀ ਮਿਲਦੀ ਹੈ, ਜਦੋਂ ਉਸ ਦਾ ਕੋਈ ਵਿਦਿਆਰਥੀ ਉਸ ਕੋਲੋਂ ਸਿੱਖਿਆ ਪ੍ਰਾਪਤ ਕਰਕੇ ਕਿਸੇ ਉੱਚ ਅਹੁਦੇ 'ਤੇ ਲੱਗਦਾ ਹੈ ਜਾਂ ਸਮਾਜ 'ਚ ਕਿਸੇ ਚੰਗੇ ਕੰਮ ਲਈ ਉਸਦਾ ਸਿੱਖਿਆਰਥੀ ਆਪਣੇ ਚੰਗੇ ਕੰਮਾਂ ਕਰਕੇ ਇਕ ਅਲੱਗ ਪਛਾਣ ਬਣਾਉਂਦਾ ਹੈ। ਉਸ ਦੀ ਇਸ ਕਾਮਯਾਬੀ ਉੱਤੇ ਉਸ ਦੇ ਅਧਿਆਪਕਾਂ ਦਾ ਹੀ ਹੱਥ ਹੁੰਦਾ ਹੈ ਪਰ ਅਜੋਕੇ ਸਮੇਂ ਦੇਖਿਆ ਜਾਵੇ ਤਾਂ ਸਾਡੇ ਸਮਾਜ 'ਚ ਅਧਿਆਪਕ ਦੀ ਦੁਰਦਸ਼ਾ ਕਾਫੀ ਖਰਾਬ ਹੈ। ਉਸ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਤੇ ਆਪਣੀ ਆਰਥਿਕ ਦਸ਼ਾ ਸੁਧਾਰਨ ਲਈ ਪੁਲਿਸ ਦੀਆਂ ਡਾਂਗਾਂ ਖਾਣੀਆਂ ਪੈਂਦੀਆਂ ਹਨ। ਫਿਰ ਉਹੀ ਪੁਲਿਸ ਵਾਲਿਆਂ ਦੇ ਬੱਚੇ ਉਹਨਾਂ ਅਧਿਆਪਕਾਂ ਪਾਸ ਹੀ ਆਪਣੀ ਸਿੱਖਿਆ ਪ੍ਰਾਪਤ ਕਰਨ ਜਾਂਦੇ ਹਨ। ਜੋ ਪੁਲਿਸ ਵਾਲੇ ਇਹਨਾਂ ਦੇ ਡਾਂਗਾਂ ਮਾਰਦੇ ਹਨ, ਉਹ ਵੀ ਕਿਸੇ ਦਿਨ ਇਹਨਾਂ ਅਧਿਆਪਕਾਂ ਕੋਲੋਂ ਵਿੱਦਿਆ ਪ੍ਰਾਪਤ ਕਰਕੇ ਇਹਨਾਂ ਅਧਿਆਪਕਾਂ ਦੀ ਬਦੌਲਤ ਹੀ ਇਹ ਅਹੁਦਿਆਂ 'ਤੇ ਪਹੁੰਚੇ ਹੁੰਦੇ ਹਨ। ਘੱਟ ਤੋਂ ਘੱਟ ਇਸ ਮਹਿਕਮੇ ਵਾਲਿਆਂ ਨੂੰ ਅਧਿਆਪਕਾਂ ਦਾ ਸਨਮਾਨ ਜ਼ਰੂਰ ਕਰਨਾ ਚਾਹੀਦਾ ਹੈ। ਅਸਲ 'ਚ ਦੇਖਿਆ ਜਾਵੇ ਤਾਂ ਅਧਿਆਪਕ ਦਾ ਪਦ ਉਹ ਪੁਰਾਤਨ ਸਮਿਆਂ ਵਾਲਾ ਨਹੀਂ ਰਿਹਾ। ਅਸੀਂ ਸਾਰੇ 'ਇਕਲੱਵਿਆਂ' ਦੀ ਕਹਾਣੀ ਸਾਰੇ ਜਾਣਦੇ ਹੀ ਹਾਂ, ਉਸ ਨੇ ਆਪਣੇ ਗੁਰੂ ਜਾਂ ਅਧਿਆਪਕ ਦੇ ਕਹਿਣ'ਤੇ ਆਪਣਾ ਅੰਗੂਠਾ ਹੀ ਕੱਟ ਕੇ ਦੇ ਦਿੱਤਾ ਸੀ। ਮੈਂ ਆਪਣੇ ਲੰਮੇ ਅਧਿਆਪਨ ਕਾਲ ਦੇ ਦੌਰਾਨ ਦੇਖਿਆ ਹੈ ਕਿ ਜਦੋਂ ਇਸ ਕਿੱਤੇ 'ਚ ਆਏ ਸੀ, ਉਸ ਸਮੇਂ ਮਾਤਾ-ਪਿਤਾ ਜਾਂ ਕੋਈ ਘਰ ਦਾ ਹੋਰ ਮੈਂਬਰ ਕਦੇ ਅਧਿਆਪਕ ਨੂੰ ਉਲਾਂਭਾ ਦੇਣ ਨਹੀਂ ਆਇਆ ਸੀ ਕਿ ਉਸ ਨੂੰ ਕਿਸੇ ਕਿਸਮ ਦੀ ਸਜ਼ਾ ਦਿੱਤੀ ਗਈ ਹੈ। ਅਧਿਆਪਕ ਕੋਲੋਂ ਉਸ ਦੀ ਜ਼ਿੰਦਗੀ 'ਚ ਹਜ਼ਾਰਾਂ ਦੀ ਗਿਣਤੀ 'ਚ ਬੱਚੇ ਪੜ੍ਹ ਲਿਖ ਕੇ ਨੌਕਰੀਆਂ 'ਤੇ ਲੱਗ ਜਾਂਦੇ ਹਨ ਪਰ ਉਸ ਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਉਸ ਨੇ ਕਿਸ ਬੱਚੇ ਦੇ ਕਦੋਂ ਚਪੇੜ ਮਾਰੀ ਸੀ। ਅਧਿਆਪਕ ਦੀ ਬੱਚੇ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੁੰਦੀ, ਉਹ ਸਿਰਫ ਬੱਚੇ ਦੀ ਬਿਹਤਰੀ ਲਈ ਉਸ ਨੂੰ ਸਜ਼ਾ ਦਿੰਦਾ ਹੈ ਤਾਂ ਕਿ ਉਹ ਅੱਗੋਂ ਤੋਂ ਅਜਿਹੀ ਗਲਤੀ ਨਾ ਕਰੇ। ਪਰ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਸਮਾ ਬਦਲ ਗਿਆ ਹੈ। ਅੱਜ ਸਜ਼ਾ ਦਿਓ ਤਾਂ ਮਾਪੇ ਝੱਟ ਆ ਜਾਂਦੇ ਹਨ ਤੇ ਅਧਿਆਪਕ ਨੂੰ ਬੁਰਾ-ਭਲਾ ਬੋਲ ਜਾਂਦੇ ਹਨ। ਇਸ ਲਈ ਸਮਾਜ 'ਚ ਅਧਿਆਪਕ ਦਾ ਰੁਤਬਾ ਉਹ ਪਹਿਲੇ ਸਮਿਆਂ ਵਾਲਾ ਨਹੀਂ ਰਿਹਾ।

ਭਾਵੇਂ ਸਮੇਂ ਦੇ ਪਰਿਵਰਤਨ ਨਾਲ ਅਧਿਆਪਕਾਂ ਦੀ ਭੂਮਿਕਾ ਦੀਆਂ ਤਬਦੀਲੀਆਂ 'ਚ ਫਰਕ ਆਇਆ ਹੈ ਪਰ ਫਿਰ ਵੀ ਅਧਿਆਪਕ ਦੀ ਭੂਮਿਕਾ ਨੂੰ ਨਾਂਹਵਾਚੀ ਕਰਕੇ ਨਹੀਂ ਦੇਖਿਆ ਜਾ ਸਕਣ। ਅਜੋਕੇ ਸਮੇਂ 'ਚ ਵਿਦਿਆਰਥੀਆਂ ਕੋਲ ਗਿਆਨ ਪ੍ਰਾਪਤੀ ਦੇ ਅਨੇਕਾਂ ਸਾਧਨ ਹਨ। ਸਮੇਂ ਦੇ ਪਰਿਵਰਤਨ ਨੇ ਅਧਿਆਪਕ ਨੂੰ ਇਕ ਕਿੱਤਾਮੁਖੀ ਬਣਾ ਦਿੱਤਾ ਹੈ। ਸੇਵਾ ਭਾਵਨਾ ਭਾਵੇਂ ਉਸ ਦੇ ਮਨ 'ਚੋਂ ਚਲੀ ਗਈ ਹੋਵੇ, ਭਾਵੇਂ ਵਿਦਿਆਰਥੀਆਂ ਤੇ ਅਧਿਆਪਕ ਦੀ ਦੂਰੀ ਵੱਧ ਗਈ ਹੋਵੇ, ਭਾਵੇਂ ਇਹਨਾਂ ਦੋਵਾਂ 'ਚ ਲੈਣ-ਦੇਣ ਦਾ ਸਬੰਧ ਫਿਕਰਮੰਦੀ ਦਾ ਕਾਰਨ ਹੋਵੇ ਪਰ ਫਿਰ ਵੀ ਅਧਿਆਪਕ ਇਹਨਾਂ ਪਰਿਵਰਤਨਾਂ ਦੇ ਬਾਵਜੂਦ ਅਧਿਆਪਕ ਰਾਸ਼ਟਰ ਦਾ ਨਿਰਮਾਤਾ ਸੀ, ਹੁਣ ਵੀ ਹੈ ਤੇ ਭਵਿੱਖ 'ਚ ਵੀ ਰਹੇਗਾ। ਭਾਵੇਂ ਗਿਆਨ ਪ੍ਰਾਪਤ ਕਰਨ ਦੇ ਨਵੇਂ-ਨਵੇਂ ਸਾਧਨ ਆ ਗਏ ਹਨ ਪਰ ਚਰਿੱਤਰ ਦਾ ਨਿਰਮਾਣ ਜੋ ਅਧਿਆਪਕ ਕਰ ਸਕਣਾ ਹੈ, ਉਹ ਵਿਗਿਆਨਕ ਮਸ਼ੀਨਾਂ ਨਹੀਂ ਕਰ ਸਕਣੀਆਂ। ਸਮਾਜ ਸੇਵਾ ਦੀ ਭਾਵਨਾ ਭਰਨ ਦਾ ਸਿਹਰਾ ਹਮੇਸ਼ਾ ਅਧਿਆਪਕ ਦੇ ਸਿਰ 'ਤੇ ਹੀ ਬੱਝਦਾ ਰਹੇਗਾ। ਅਧਿਆਪਕ ਦਿਵਸ ਸਿਰਫ ਅਧਿਆਪਕ ਦੇ ਮਾਣ-ਸਨਮਾਨ ਦਾ ਹੀ ਦਿਨ ਨਹੀਂ ਹੈ ਸਗੋਂ ਇਹ ਦਿਨ ਅਧਿਆਪਕਾਂ ਲਈ ਸਵੈ ਆਤਮ-ਨਿਰੀਖਣ ਦਾ ਵੀ ਹੈ। ਅਧਿਆਪਕ ਨੂੰ ਆਪਣੀ ਸਮਾਜ ਸੇਵਾ ਦੀ ਜ਼ਿੰਮੇਵਾਰੀ, ਰਾਸ਼ਟਰ ਨਿਰਮਾਣ ਦੀ ਜ਼ਿੰਮੇਵਾਰੀ ਤੇ ਬੱਚਿਆਂ ਦੇ ਚੰਗੇ ਚਰਿੱਤਰ ਨਿਰਮਾਣ ਦੀ ਡਿਊਟੀ ਨੂੰ ਆਪਣੇ ਦਿਲੋ-ਜਾਨ ਨਾਲ ਨਿਭਾਉਣੀ ਪਵੇਗੀ ਤੇ ਨਵੀਆਂ-ਨਵੀਆਂ ਵਿਗਿਆਨਕ ਖੋਜਾਂ ਵਿਚਕਾਰ ਵੀ ਅਧਿਆਪਕ ਨੂੰ ਅਹੁਦੇ ਦੀ ਯਥਾਰਥਕ ਜ਼ਿੰਮੇਵਾਰੀ ਨੂੰ ਸਮਝਣਾ ਪਵੇਗਾ। ਉਕਤ ਕਹੀਆਂ ਗਈਆਂ ਸੰਸਕ੍ਰਿਤ ਦੀਆਂ ਤੁਕਾਂ ਦਾ ਭਾਵ ਅਰਥ 'ਗੁਰੂ' ਦੀ ਮਹਾਨਤਾ ਨਾਲ ਜੁੜਿਆ ਹੋਇਆ। ਪੁਰਾਣੇ ਸਮਿਆਂ 'ਚ ਅਧਿਆਪਕ ਨੂੰ ਗੁਰੂ ਦਾ ਦਰਜਾ ਹੀ ਪ੍ਰਾਪਤ ਸੀ। ਅੱਜ ਦੇ ਸਮੇਂ 'ਚ ਅਧਿਆਪਕ ਨੂੰ ਮੁੜ ਗੁਰੂ ਪ੍ਰੰਪਰਾ ਨੂੰ ਸੁਰਜੀਤ ਕਰਨ ਦੀ ਲੋੜ ਹੈ। ਇਸ ਨਾਲ ਹੀ ਵਿਦਿਆਰਥੀਆਂ ਤੇ ਅਧਿਆਪਕ ਦੀ ਵਧਦੀ ਦੂਰੀ ਖਤਮ ਕੀਤੀ ਜਾ ਸਕਦੀ ਹੈ। ਅਧਿਆਪਕ ਨੂੰ ਮੁੜ ਅਧਿਆਪਕ ਤੇ ਵਿਦਿਆਰਥੀ ਦੀ ਦੂਰੀ ਵਧਣ ਦੇ ਕਾਰਨ ਲੱਭਣੇ ਪੈਣਗੇ ਤਾਂ ਜੋ ਦੂਰੀਆਂ ਖਤਮ ਹੋਣ। ਇਸ ਨਾਲ ਅਧਿਆਪਕ ਦਾ ਮਾਣ-ਸਤਿਕਾਰ ਫਿਰ ਪਹਿਲੇ ਵਾਲਾ ਹੋ ਜਾਵੇਗਾ। ਸਮਾਜਿਕ ਪਰਿਵਰਤਨ ਦੇ ਬਾਵਜੂਦ ਸਮਾਜ ਦੀ ਬਹੁ-ਗਿਣਤੀ ਅੱਜ ਵੀ ਅਧਿਆਪਕ ਨੂੰ ਆਪਣਾ ਆਦਰਸ਼ ਮੰਨਦੀ ਹੈ। ਇਸ ਲਈ ਅਧਿਆਪਕ ਆਪਣੇ ਔਗੁਣਾਂ ਦਾ ਅਧਿਐਨ ਕਰਕੇ ਉਹਨਾਂ ਨੂੰ ਦੂਰ ਕਰੇ। ਇਸ ਸਮਾਜ ਦੀ ਵੀ ਅਧਿਆਪਕ ਦੇ ਰੋਲ ਨੂੰ ਕਦੇ ਵੀ ਨਾਂਹ-ਵਾਚੀ ਕਰਕੇ ਦੇਖਣ ਦੀ ਭੁੱਲ ਨਾ ਕਰੇ ਸਗੋਂ ਇਸ ਨੂੰ ਉਸਾਰੂ ਪੱਖ ਵਜੋਂ ਦੇਖੇ। ਇਸ ਲਈ ਸਾਨੂੰ ਸਭ ਨੂੰ ਪੁਰਾਤਨ ਅਪਣੱਤ ਨੂੰ ਅਪਣਾਉਣ ਦੀ ਲੋੜ ਹੈ। ਇਸ ਨਾਲ ਹੀ ਅਧਿਆਪਕ-ਵਿਦਿਆਰਥੀ ਸਬੰਧਾਂ 'ਚ ਅਪਣੱਤ ਆ ਸਕਣੀ ਹੈ ਤੇ ਦੂਰੀਆਂ ਖਤਮ ਹੋ ਸਕਣੀਆਂ ਹਨ ਤੇ ਅਧਿਆਪਨ 'ਚ ਮੁੜ ਸਮਾਜ ਸੇਵਾ ਦੀ ਭਾਵਨਾ ਉਤਪੰਨ ਹੋ ਸਕਣੀ ਹੈ। ਸਭ ਪਾਠਕਾਂ ਨੂੰ ਮੇਰੇ ਵੱਲੋਂ 'ਹੈਪੀ ਅਧਿਆਪਕ ਦਿਵਸ' ਹੋਵੇ।

# ਸੰਤਾਲੀ ਦੇ ਪੀੜ੍ਹਤਾਂ ਦੀ ਮਦਦ ਕਰਨ ਵਾਲੇ ਹੈਡਮਾਸਟਰ ਇੰਦਰ ਸਿੰਘ ਢੀਂਡਸਾ



ਮੇਜਰ ਸਿੰਘ ਨਾਭਾ
91-94635-53962

ਜ਼ਿੰਦਗੀ ਦੇ ਨੌ ਦਹਾਕੇ ਬਤੀਤ ਕਰਨ ਵਾਲੇ ਸ਼੍ਰ. ਇੰਦਰ ਸਿੰਘ ਢੀਂਡਸਾ ਇੱਕ ਬਹੁ-ਪੱਖੀ ਸ਼ਖਸੀਅਤ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦੇਸ਼ ਨੂੰ ਆਜ਼ਾਦੀ ਮਿਲਣ ਸਮੇਂ ਪੰਜਾਬ ਦੀ ਵੰਡ ਸਮੇਂ ਉਨ੍ਹਾਂ ਨੇ ਜਵਾਨੀ 'ਚ ਪੈਰ ਧਰਿਆ ਹੀ ਸੀ ਕਿ ਉਨ੍ਹਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਇਹ ਦੁਖਾਂਤ ਵਾਪਰਦਾ ਦੇਖਣਾ ਪਿਆ। ਉਨ੍ਹਾਂ ਦਾ ਜਨਮ ਮੱਧ ਵਰਗੀ ਕਿਸਾਨ ਸ਼੍ਰ. ਕਿਸ਼ਨ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿੰਡ ਦੰਦਰਾਲਾ ਢੀਂਡਸਾ ਵਿਖੇ 4 ਜੂਨ 1929 ਨੂੰ ਹੋਇਆ ਤਾਂ ਦਾਦਾ ਸ਼੍ਰ. ਨਰਾਇਣ ਸਿੰਘ ਅਤੇ ਦਾਦੀ ਬਸੰਤ ਕੌਰ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਮੁਢਲੀ ਪੜ੍ਹਾਈ ਦੀ ਸ਼ੁਰੂਆਤ ਸਮੇਂ ਪਹਿਲੀ ਜਮਾਤ ਵਿੱਚ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਤੰਦਾਬੱਧਾ ਵਿਖੇ ਦਾਖਲਾ ਲੈ ਲਿਆ। ਸਕੂਲ ਛੱਡ ਕੇ ਉਹ ਪਿੰਡ ਹੀ ਸੂਬੀਆ ਖਾਂ ਕੋਲ ਪੜ੍ਹਨ ਲੱਗ ਪਏ ਅਤੇ ਗੁਰਦੁਆਰਾ ਸਾਹਿਬ ਵਿਖੇ ਇੱਕ ਹੋਰ ਅਧਿਆਪਕ ਨੇ ਵੀ ਪ੍ਰਾਈਵੇਟ ਤੌਰ ਤੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪੰਜਵੀਂ ਸ਼੍ਰੇਣੀ ਵਿੱਚ ਦਾਖਲਾ ਐਂਗਲੋ ਵਰਨੇਕੂਲਰ ਸਕੂਲ ਚੌਂਦਾ (ਸੰਗਰੂਰ) ਵਿਖੇ ਲੈ ਲਿਆ। ਅੱਠਵੀਂ ਉਨ੍ਹਾਂ ਨੇ 1945 ਵਿੱਚ ਇਸੇ ਸਕੂਲ ਤੋਂ ਪਹਿਲੇ ਨੰਬਰ ਤੇ ਰਹਿ ਕੇ ਪਾਸ ਕਰ ਲਈ। ਇਸੇ ਸਾਲ ਉਨ੍ਹਾਂ ਦਾ ਵਿਆਹ ਪਿੰਡ ਰੈਸਲ ਦੇ ਸ਼੍ਰ. ਮੋਤਾ ਸਿੰਘ ਦੀ ਪੁੱਤਰੀ ਬੀਬੀ ਜਸਵੰਤ ਕੌਰ ਨਾਲ ਹੋ ਗਿਆ ਪਰ ਵਿਆਹ ਹੋਣ ਦੇ ਬਾਵਜੂਦ ਉਨ੍ਹਾਂ ਨੇ ਪੜ੍ਹਾਈ ਨੂੰ ਜਾਰੀ ਰੱਖਦੇ ਹੋਏ ਨੌਵੀਂ ਸ੍ਰੇਣੀ 'ਚ ਦਾਖਲਾ ਆਰੀਆ ਹਾਈ ਸਕੂਲ ਨਾਭਾ ਵਿਖੇ ਲੈ ਲਿਆ ਅਤੇ 1947 ਵਿੱਚ ਪਹਿਲੇ ਸਥਾਨ ਤੇ ਰਹਿ ਕੇ ਦਸਵੀਂ ਪਾਸ ਕਰ ਲਈ। ਇਸ ਉਪਰੰਤ ਉਨ੍ਹਾਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਕੇ 1951 ਵਿੱਚ ਬੀ.ਏ. ਕਰ ਲਈ। ਉਹ ਕਾਲਜ ਸਮੇਂ ਦੌਰਾਨ ਵਾਲੀਵਾਲ ਦੇ ਵਧੀਆ ਖਿਡਾਰੀ ਰਹੇ। ਕਾਲਜ ਦੀ ਵਾਲੀਵਾਲ ਟੀਮ ਦੇ ਕੈਪਟਨ ਹੋਣਾ ਉਨ੍ਹਾਂ ਅੰਦਰਲੀ ਵਧੀਆ ਸਪੋਰਟਸਮੈਨਸ਼ਿਪ ਦੀ ਗਵਾਹੀ ਭਰਦਾ ਹੈ। ਉਨ੍ਹਾਂ ਨੇ ਪੰਜਾਬ ਦੀ ਵੰਡ ਤੋਂ ਬਾਅਦ ਵਲੰਟੀਅਰ ਦੇ ਤੌਰ ਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਪੀੜ੍ਹਤਾਂ ਦੀ ਕਈ ਤਰ੍ਹਾਂ ਨਾਲ ਮਦਦ ਵੀ ਕੀਤੀ। ਸਰਕਾਰੀ ਕਾਲਜ ਲੁਧਿਆਣੇ ਤੋਂ ਉਨ੍ਹਾਂ ਨੇ ਐਮ.ਏ. (ਜਿਊਗਰਫੀ) 1953 'ਚ ਕਰ ਲਈ। ਅਧਿਆਪਕ ਕਿੱਤੇ ਨੂੰ ਤਰਜੀਹ ਦਿੰਦੇ ਹੋਏ ਉਨ੍ਹਾਂ ਨੇ ਫਰੀਦਕੋਟ ਕਾਲਜ ਤੋਂ ਬੀ.ਟੀ. ਦੀ ਪੜ੍ਹਾਈ 1956 ਵਿੱਚ ਕਰ ਲਈ। ਇਹ ਸਾਰੀ ਉਚੇਰੀ ਪੜ੍ਹਾਈ ਉਨ੍ਹਾਂ ਨੇ ਵਿਆਹ ਤੋਂ ਬਾਅਦ ਪ੍ਰਾਪਤ ਕੀਤੀ ਜੋ ਕਿ ਉਸ ਸਮੇਂ ਕਠਿਨ ਕੰਮ ਸੀ। ਉਨ੍ਹਾਂ ਦੀ ਨਿਯੁਕਤੀ ਬਤੌਰ ਅਧਿਆਪਕ ਹੋਣ ਤੇ ਪਹਿਲੀ ਹਾਜ਼ਰੀ 25 ਅਕਤੂਬਰ 1956 ਨੂੰ ਉਨ੍ਹਾਂ ਨੇ ਸਰਕਾਰੀ ਮਿਡਲ ਸਕੂਲ ਬੇਰਾਵਾਸ ਜਿਲ੍ਹਾ ਮਹਿੰਦਰਗੜ੍ਹ (ਹੁਣ ਹਰਿਆਣਾ) ਵਿਖੇ ਦਿੱਤੀ। ਇਥੇ ਉਨ੍ਹਾਂ ਨੇ ਸੀਨੀਅਰ ਹੋਣ ਦੇ ਨਾਤੇ ਬਤੌਰ ਮੁੱਖ ਅਧਿਆਪਕ 23 ਨਵੰਬਰ 1957 ਤੱਕ ਕੰਮ ਕੀਤਾ ਤੇ ਉਨ੍ਹਾਂ ਦੀ ਬਦਲੀ ਸ .ਮਿ. ਸ. ਕੁਰਾੜ (ਸੰਗਰੂਰ) ਵਿਖੇ ਹੋ ਗਈ। ਇਸ ਤੋਂ ਬਾਅਦ ਸ.ਹ.ਸ.ਧਨੌਲਾ (ਸੰਗਰੂਰ) ਵਿਖੇ ਬਤੌਰ ਸੀਨੀਅਰ ਮਾਸਟਰ ਬਦਲੀ ਹੋਣ ਤੇ 10 ਜੁਲਾਈ 1958 ਨੂੰ ਹਾਜ਼ਰੀ ਦਿੱਤੀ ।ਬਤੌਰ ਲੈਕਚਰਾਰ (ਜੋਗਰਫੀ) ਤਰੱਕੀ ਹੋਣ ਉਪਰੰਤ ਉਨ੍ਹਾਂ ਦੀ ਪੋਸਟਿੰਗ 18 ਅਪ੍ਰੈਲ 1961 ਨੂੰ ਸਰਕਾਰੀ ਸੈਕੰਡਰੀ ਸਕੂਲ ਨਾਭਾ ਵਿਖੇ ਹੋ ਗਈ। ਇਥੋਂ ਹੀ ਉਨ੍ਹਾਂ ਦੀ ਅਡਜਸ਼ਟਮੈਨਟ ਸਰਕਾਰੀ ਸੀਨੀ: ਸੈਕੰ: ਸਕੂਲ (ਗਰਲਜ਼) ਗੋਬਿੰਦਗੜ੍ਹ ਵਿਖੇ ਹੋ ਗਈ, ਤਕਰੀਬਨ ਤਿੰਨ ਮਹੀਨੇ ਸੇਵਾ ਕਰਨ ਉਪਰੰਤ ਮੁੜ ਵਾਪਸ ਨਾਭੇ ਸਕੂਲ ਆ ਗਏ।ਇਥੇ ਉਨ੍ਹਾਂ ਨੇ 1967 ਤੱਕ ਕੰਮ ਕੀਤਾ ਇਸ ਉਪਰੰਤ ਉਨ੍ਹਾਂ ਦੀ ਬਦਲੀ ਸ. ਸ.ਸਕੂਲ (ਲੜਕੇ) ਬਸੀ ਪਠਾਨਾ ਵਿਖੇ ਹੋਣ ਤੇ 1973 ਤੱਕ ਬਤੌਰ ਲੈਕਚਰਾਰ (ਜੋਗਰਫੀ) ਕੰਮ ਕੀਤਾ। ਤਰੱਕੀ ਹੋਣ ਉਪਰੰਤ ਬਤੌਰ ਹੈਡਮਾਸਟਰ ਉਹ ਸਰਕਾਰੀ ਹਾਈ ਸਕੂਲ ਬਾਗੋਵਾਣੀ (ਗੁਰਦਾਸਪੁਰ) ਵਿਖੇ ਸੰਨ 1973 ਨੂੰ ਹਾਜ਼ਰ ਹੋਏ। ਅਗਲੇ ਸਾਲ 1974 ਵਿੱਚ ਸ. ਹ. ਸ. ਸੌਜਾ (ਪਟਿਆਲਾ) ਵਿਖੇ ਬਤੌਰ ਹੈਡਮਾਸਟਰ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕੀਤੀ। ਇਥੇ ਉਨ੍ਹਾਂ ਲੰਬਾ ਸਮਾਂ 18 ਅਪ੍ਰੈਲ 1985 ਤੱਕ ਸਕੂਲ ਦੀ ਸੇਵਾ ਕੀਤੀ ਅਤੇ ਬਦਲੀ ਹੋਣ ਤੇ ਆਖਰੀ ਸਮੇਂ ਸ. ਹ.ਸ. ਧਬਲਾਨ ਵਿਖੇ ਉਨ੍ਹਾਂ ਨੇ ਤਕਰੀਬਨ ਦੋ ਸਾਲ ਤੋਂ ਵੱਧ ਸਮਾਂ ਸਕੂਲ ਨੂੰ ਵਧੀਆ ਤਰੀਕੇ ਨਾਲ ਚਲਾਇਆ। ਉਹ ਇੱਕ ਸੂਝਵਾਨ ਕੁਸ਼ਲ ਪ੍ਰਬੰਧਕ ਰਹੇ ਹਨ। ਵੱਖ-ਵੱਖ ਸਕੂਲਾਂ ਵਿੱਚ ਤਕਰੀਬਨ 31 ਸਾਲ ਦੀ ਸ਼ਾਨਦਾਰ ਅਤੇ ਬੇਦਾਗ ਸੇਵਾ ਕਰਨ ਉਪਰੰਤ ਸ਼੍ਰ. ਇੰਦਰ ਸਿੰਘ ਢੀਂਡਸਾ ਸ. ਹ. ਸ. ਧਬਲਾਨ (ਪਟਿਆਲਾ) ਤੋਂ 30 ਜੂਨ 1987 ਨੂੰ ਸੇਵਾ ਮੁਕਤ ਹੋ ਗਏ।



ਇੰਦਰ ਸਿੰਘ ਢੀਂਡਸਾ ਸੇਵਾ ਮੁਕਤੀ ਉਪਰੰਤ ਸਿੱਖਿਆ ਕਾਰਜਾਂ ਅਤੇ ਸਮਾਜ ਸੇਵਾ ਨਾਲ ਜੁੜੇ ਹੋਏ ਹਨ। ਉਹ ਸ਼ਹਿਰ ਦੇ ਨਾਮਵਰ ਸਰਕਾਰੀ ਜੂਨੀਅਰ ਮਾਡਲ ਸਕੂਲ ਨਾਭਾ ਦੇ ਤਕਰੀਬਨ 10 ਸਾਲ ਪੀ.ਟੀ.ਏ. ਦੇ ਪ੍ਰਧਾਨ ਰਹਿ ਚੁੱਕੇ ਹਨ। ਇਸ ਅਰਸ਼ੇ ਦੌਰਾਣ ਉਨ੍ਹਾਂ ਦੀ ਦੇਖ-ਰੇਖ ਹੇਠ ਸਕੂਲ ਦੀ ਦਿੱਖ ਸੰਵਾਰਨ ਅਤੇ ਬੱਚਿਆਂ ਨੂੰ ਬੇਹਤਰ ਸਹੂਲਤਾਂ ਦੇਣ ਲਈ ਉਨ੍ਹਾਂ ਨੇ ਹਰ ਸੰਭਵ ਕੋਸ਼ਿਸ਼ ਕੀਤੀ।ਇਸੇ ਤਰ੍ਹਾਂ ਹੀ ਸ. ਸ. ਸ. ਸ. (ਲੜਕੇ) ਨਾਭਾ ਦੇ ਪ.ਸ.ਵ.ਕ. ਕਮੇਟੀ ਦੇ ਪ੍ਰਧਾਨ ਵੀ ਰਹੇ। ਸੀਨੀਅਰ ਸਿਟੀਜਨ ਲਈ ਸ਼ਹਿਰ ਵਿੱਚ ਕੋਈ ਸੰਸਥਾ ਨਾ ਹੋਣ ਕਾਰਣ ਉਨ੍ਹਾਂ ਨੇ ਆਪਣੇ ਮਿੱਤਰਾਂ ਨਾਲ ਰਲ ਕੇ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਦਾ ਗਠਨ ਕਰਵਾਇਆ। ਇਸ ਰਜ਼ਿਸਟਰਡ ਸੰਸਥਾ ਦੇ ਉਹ ਫਾਊਂਡਰ ਮੈਂਬਰ ਹਨ। ਇਸ ਸੰਸਥਾ ਦੇ ਉਹ ਦੋ ਵਾਰ ਪ੍ਰਧਾਨ ਰਹਿ ਚੁੱਕੇ ਹਨ। ਇਸ ਸੰਸਥਾ ਦੀ ਸ਼ਾਨਦਾਰ ਬਿਲਡਿੰਗ ਬਣਾਉਣ ਲਈ ਉਨ੍ਹਾਂ ਦਾ ਅਹਿਮ ਰੋਲ ਹੈ।ਉਹ ਸੰਸਥਾ ਦੀ ਬੇਹਤਰੀ ਲਈ ਨੱਬਿਆਂ ਨੂੰ ਪਹੁੰਚਣ ਦੇ ਬਾਵਜੂਦ ਅਜੇ ਵੀ ਸਰਗਰਮ ਭੂਮਿਕਾ ਨਿਭਾ ਰਹੇ ਹਨ। ਇਸ ਸੰਸਥਾਂ ਨਾਲ ਬਹੁਤ ਹੀ ਗਿਆਨਵਾਨ ਅਤੇ ਸੂਝਵਾਨ ਮੈਂਬਰ ਜੁੜੇ ਹੋਏ ਹਨ।ਇਸੇ ਲਈ ਸ਼ਹਿਰ ਵਿੱਚ ਇਸ ਸੰਸਥਾ ਦਾ ਨਾਂ ਹਰ ਕਿਸੇ ਦੇ ਮੂੰਹ ਤੇ ਹੈ।ਇਹ ਸੰਸਥਾ ਬੇਸਹਾਰਾ ਬਜ਼ੁਰਗਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਨਾਲ ਹੀ ਉਹ ਅਮਲ ਸੋਸਾਇਟੀ ਨਾਭਾ ਦੇ ਐਗਜੈਕਟਿਵ ਮੈਂਬਰ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ। ਉਹ ਪੈਨਸ਼ਨਰ ਐਸੋਸ਼ੀਏਸ਼ਨ ਦੇ ਮੈਂਬਰ ਵੀ ਹਨ। ਸਾਰਥਿਕ ਸੋਚ ਦੇ ਧਾਰਨੀ ਹੋਣ ਕਰਕੇ ਉਨ੍ਹਾਂ ਨੇ ਸਮਾਜ ਦੀ ਬੇਹਤਰੀ ਲਈ ਕੰਮ ਕਰਦੇ ਰਹਿਣ ਕਰਕੇ ਆਪਣੀ ਜ਼ਿੰਦਗੀ ਨੂੰ ਰੰਗੀਨ ਬਣਾ ਕੇ ਰੁਝਾ ਰੱਖਿਆ ਹੈ। ਉਹ ਇਨ੍ਹਾਂ ਸੰਸਥਾਵਾਂ ਦੀਆਂ ਨਿਰਧਾਰਤ ਮੀਟਿੰਗਾਂ ਵਿੱਚ ਹਮੇਸ਼ਾਂ ਸਮੂਲੀਅਤ ਕਰਦੇ ਹੋਏ ਆਪਣੇ ਵੱਡਮੁੱਲੇ ਸੁਝਾਅ ਦਿੰਦੇ ਰਹਿੰਦੇ ਹਨ।

ਸ਼੍ਰ. ਇੰਦਰ ਸਿੰਘ ਢੀਂਡਸਾ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀਮਤੀ ਜਸਵੰਤ ਕੌਰ ਨੇ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਲਾਤਾਂ ਮੁਤਾਬਕ ਨਾਭਾ ਵਿਖੇ ਰਹਿੰਦੇ ਹੋਏ ਵਧੀਆ ਪੜ੍ਹਾਈ ਕਰਾਕੇ ਆਪਣੇ ਪੈਰਾਂ ਤੇ ਖੜ੍ਹਣਯੋਗ ਬਣਾਇਆ। ਉਨ੍ਹਾਂ ਦੀਆਂ ਤਿੰਨ ਬੇਟੀਆਂ ਪਰਮਜੀਤ ਕੌਰ (ਸੇਵਾ ਮੁਕਤ ਜੇ. ਬੀ. ਟੀ. ਅਧਿਆਪਿਕਾ) ਨਾਭੇ ਆਪਣੇ ਪਤੀ ਕੈਪਟਨ ਗੁਰਚਰਨ ਸਿੰਘ ਨੱਤ, ਦੂਸਰੀ ਬੇਟੀ ਸੁਖਜੀਤ ਕੌਰ ਬਹਿਰਾਮਪੁਰ ਬੇਟ (ਆਪਣਾ ਹਸਪਤਾਲ ਚਲਾ ਰਹੀ ਹੈ) ਆਪਣੇ ਪਤੀ ਸ਼੍ਰ. ਸੁਰਿੰਦਰਪਾਲ ਸਿੰਘ ਕੰਗ (ਰਿਟਾ: ਫੀਲਡ ਅਫਸਰ, ਏਅਰ ਫੋਰਸ) ਅਤੇ ਤੀਸਰੀ ਬੇਟੀ ਸੁਖਵਿੰਦਰ ਕੌਰ ਪੰਜਾਬੀ ਮਿਸਟ੍ਰੈਸ ਆਪਣੇ ਪਤੀ ਸ਼੍ਰ. ਹਰਦੇਵ ਸਿੰਘ ਢਿੱਲੋਂ (ਪ੍ਰਿੰਸੀਪਲ ਸ.ਸ੍ਰ.ਸ.ਗਾਜੇਵਾਸ) ਨਾਲ ਸਮਾਨਾ ਵਿਖੇ ਆਪਣੇ ਆਪਣੇ ਪਰਿਵਾਰਾਂ ਵਿੱਚ ਖੁਸ਼ ਰਹਿ ਰਹੀਆਂ ਹਨ।ਉਨ੍ਹਾਂ ਦਾ ਵੱਡਾ ਬੇਟਾ ਸੁਖਦੇਵ ਸਿੰਘ ਐਡਵੋਕੇਟ ਆਪਣੀ ਪਤਨੀ ਸਤਵੰਤ ਕੌਰ (ਸਾਬਕਾ ਮਿਊਂਸਪਲ ਕੌਂਸਲਰ) ਅਤੇ ਬੇਟੇ ਗੁਰਸ਼ਰਨਜੀਤ ਸਿੰਘ ਅਤੇ ਨੂੰਹ ਪਰਨੀਤ ਕੌਰ ਨਾਲ ਨਿਊਜੀਲੈਂਡ ਵਿਖੇ ਰਹਿ ਰਿਹਾ ਹੈ।ਉਸ ਦਾ ਇੱਕ ਬੇਟਾ ਗੁਰਿੰਦਰਜੀਤ ਸਿੰਘ ਆਪਣੀ ਪਤਨੀ ਸੰਦੀਪ ਕੌਰ ਨਾਲ ਉਨ੍ਹਾਂ ਕੋਲ ਰਹਿ ਰਿਹਾ ਹੈ। ਸ਼੍ਰ. ਇੰਦਰ ਸਿੰਘ ਢੀਂਡਸਾ ਦਾ ਛੋਟਾ ਬੇਟਾ ਬਲਵਿੰਦਰ ਸਿੰਘ (ਵੈਟਰਨਰੀ ਡਾਕਟਰ) ਜੀ. ਐਸ. ਕੇ. ਨਾਭਾ ਵਿਖੇ ਡਿਊਟੀ ਕਰਦਾ ਹੈ ਅਤੇ ਉਸਦੀ ਪਤਨੀ ਮਹਿੰਦਰ ਕੌਰ ਬਿਜਲੀ ਬੋਰਡ ਵਿੱਚ ਸੇਵਾ ਕਰ ਰਹੀ ਹੈ, ਪੋਤਰਾ ਜਸ਼ਨਪ੍ਰੀਤ ਸਿੰਘ ਐਮ.ਬੀ.ਏ. ਕਰ ਰਿਹਾ ਹੈ। ਪੋਤਰੀ ਅਮਨਦੀਪ ਕੌਰ ਆਪਣੇ ਪਤੀ ਕਰਨਲ ਅਵਿਨਾਸ਼ ਸਹਿਰਾਬਤ ਨਾਲ ਰਹਿੰਦੀ ਹੋਈ ਮਿਲਟਰੀ ਸਕੂਲ 'ਚ ਪੜ੍ਹਾ ਰਹੀ ਹੈ। ਸ਼੍ਰ. ਇੰਦਰ ਸਿੰਘ ਢੀਂਡਸਾ ਸਰੀਰਕ ਪੱਖੋਂ ਪੂਰੇ ਫਿੱਟ ਹਨ, ਇਸੇ ਲਈ ਜਦੋਂ ਜੀਅ ਕਰਦਾ ਉਹ ਰੋਹਟੀ ਦੇ ਪੁਲਾਂ ਨਜਦੀਕ ਆਪਣੀ 'ਢੀਂਡਸਾ ਨਰਸਰੀ' ਵਿਖੇ ਫੁੱਲਾਂ ਦਾ ਅਨੰਦ ਮਾਣਨ ਲਈ ਫੁਰਸਤ ਦੇ ਪਲਾਂ 'ਚ ਜਾ ਬੈਠਦੇ ਹਨ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਬਖ਼ਸ਼ੇ ਤਾਂ ਕਿ ਉਹ ਸਮਾਜ ਦੀ ਹੋਰ ਵਧੇਰੇ ਸੇਵਾ ਕਰ ਸਕਣ।


RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834





Chicago's Pizza with a Twist
Call: 1-209-398-2221











Parvinder Dhesi
Kulwant Sandhu
1471 B St., Unit B, Livingston, CA 95334

# ਕੌਣ ਜਿੱਤੇਗਾ ਪੰਜਾਬ ਵਿਧਾਨ ਸਭਾ ਦੀਆਂ ਉਪ ਚੋਣਾਂ?



ਗੁਰਮੀਤ ਪਲਾਹੀ
91-98158-02070

**ਜਲਾਲਾਬਾਦ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੁਖਬੀਰ ਸਿੰਘ ਬਾਦਲ 2017 ਵਿੱਚਲੀਆਂ ਵਿਧਾਨ ਸਭਾ ਚੋਣਾਂ ਸਮੇਂ ਜਿੱਤੇ ਸਨ। ਉਹਨਾ ਨੇ ਇਸ ਹਲਕੇ ਤੋਂ 2009, 2012 ਵਿੱਚ ਵੀ ਇਥੋਂ ਹੀ ਚੋਣ ਜਿੱਤੀ ਸੀ। ਸੁਖਬੀਰ ਸਿੰਘ ਬਾਦਲ ਨੇ 75,271 ਵੋਟਾਂ, ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ 56,771 ਵੋਟਾਂ ਅਤੇ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ 31,539 ਵੋਟਾਂ ਪ੍ਰਾਪਤ ਕੀਤੀਆਂ। ਹੋਰ 7 ਉਮੀਦਵਾਰ ਮੈਦਾਨ ਵਿੱਚ ਸਨ, ਸਿਰਫ਼ ਇੱਕ ਉਮੀਦਵਾਰ ਜੋ ਕਮਿਊਨਿਸਟ ਪਾਰਟੀ ਨਾਲ ਸਬੰਧਤ ਸੀ 1,743 ਵੋਟਾਂ ਪ੍ਰਾਪਤ ਕਰ ਗਿਆ, ਬਾਕੀ 6 ਉਮੀਦਵਾਰ 700 ਵੋਟਾਂ ਪ੍ਰਤੀ ਤੋਂ ਵੱਧ ਵੋਟਾਂ ਨਾ ਲੈ ਸਕੇ। ਇਥੇ 1,112 ਲੋਕਾਂ ਨੇ ਕਿਸੇ ਨੂੰ ਵੀ ਵੋਟ ਨਾ ਪਾਈ ਭਾਵ 'ਨੋਟਾ' ਦਾ ਬਟਨ ਦਬਾਇਆ।**

ਪੰਜਾਬ 'ਚ ਜਲਾਲਾਬਾਦ, ਫਗਵਾੜਾ ਅਤੇ ਦਾਖਾ ਦੀਆਂ ਵਿਧਾਨ ਸਭਾ ਚੋਣਾਂ ਉਸ ਵੇਲੇ ਹੋਣ ਦੀ ਸੰਭਾਵਨਾ ਹੈ, ਜਦੋਂ ਗੁਆਂਢੀ ਸੂਬੇ ਹਰਿਆਣਾ ਦੀਆਂ ਜਨਰਲ ਵਿਧਾਨ ਸਭਾ ਚੋਣਾਂ ਅਕਤੂਬਰ 2019 ਵਿੱਚ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਪੰਜਾਬ ਵਿੱਚ ਭਾਵੇਂ ਹੋਰ ਕੁਝ ਹਲਕਿਆਂ ਵਿੱਚ ਵੀ ਵਿਧਾਨ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਸੁਖਪਾਲ ਸਿੰਘ ਖਹਿਰਾ ਵੀ ਸ਼ਾਮਲ ਹਨ, ਨੇ ਵਿਧਾਇਕੀ ਤੋਂ ਅਸਤੀਫ਼ੇ ਦਿੱਤੇ ਹੋਏ ਹਨ, ਪਰ ਉਹ ਸੀਟਾਂ ਖਾਲੀ ਘੋਸ਼ਿਤ ਨਹੀਂ ਕੀਤੀਆਂ ਗਈਆਂ। ਕੁਝ ਦਿਨ ਪਹਿਲਾਂ ਮੁਕੇਰੀਆਂ ਤੋਂ ਕਾਂਗਰਸੀ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਹੋ ਗਈ, ਉਹ ਸੀਟ ਵੀ ਖਾਲੀ ਹੋ ਗਈ ਹੈ। ਹੋ ਸਕਦਾ ਹੈ ਇਹ ਜ਼ਿਮਨੀ ਚੋਣ ਵੀ ਇਹਨਾ ਤਿੰਨਾਂ ਚੋਣਾਂ ਦੇ ਨਾਲ ਹੀ ਹੋ ਜਾਵੇ। ਕੁੱਲ ਮਿਲਾਕੇ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਹਨ ਅਤੇ ਕਾਂਗਰਸ ਪਾਰਟੀ ਕੋਲ ਪੂਰਨ ਬਹੁਮਤ ਹਾਸਲ ਹੈ ਅਤੇ ਉਸਦੇ 77 ਵਿਧਾਇਕ ਹਨ ਜਿਨ੍ਹਾਂ ਵਿਧਾਨ ਸਭਾ ਹਲਕਿਆਂ ਦੀ ਚੋਣ ਹੋਣੀ ਹੈ, ਉਸ ਵਿੱਚੋਂ ਜਲਾਲਾਬਾਦ ਸੀਟ, (ਜੋ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਐਮ.ਪੀ. ਚੁਣੇ ਜਾਣ ਕਾਰਨ ਖਾਲੀ ਹੋਈ ਅਤੇ ਦਾਖਾ ਸੀਟ ਜੋ ਐਚ. ਐਸ. ਫੂਲਕਾ ਦੇ ਅਸਤੀਫ਼ੇ ਕਾਰਨ ਖਾਲੀ ਹੋਈ, ਜਨਰਲ ਹਲਕੇ ਹਨ ਅਤੇ ਫਗਵਾੜਾ ਸੀਟ ਰਿਜ਼ਰਵ ਹੈ, ਜੋ ਸੋਮ ਪ੍ਰਕਾਸ਼ (ਭਾਜਪਾ) ਐਮ.ਪੀ. ਚੁਣੇ ਜਾਣ ਕਾਰਨ ਖਾਲੀ ਹੋਈ ਹੈ। ਸੋਮ ਪ੍ਰਕਾਸ਼ ਇਸ ਸਮੇਂ ਕੇਂਦਰ ਵਿੱਚ ਰਾਜਮੰਤਰੀ ਹਨ। 2017 ਦੀ ਪੰਜਾਬ ਵਿਧਾਨ ਸਭਾ ਚੋਣ ਵੇਲੇ ਆਮ ਆਦਮੀ ਪਾਰਟੀ ਦੇ ਦਾਖਾ ਜਨਰਲ ਹਲਕੇ ਤੋਂ ਆਪ ਉਮੀਦਵਾਰ ਐਚ.ਐਸ. ਫੂਲਕਾ 40 ਫੀਸਦੀ ਤੋਂ ਵੱਧ ਵੋਟਾਂ ਲੈਕੇ ਜਿੱਤੇ ਸਨ, ਜਦਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਨੇ 37.43 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਕਾਂਗਰਸ ਦੇ ਮੇਜਰ ਸਿੰਘ ਭੈਣੀ 20 ਫੀਸਦੀ ਦੇ ਲਗਭਗ ਵੋਟਾਂ ਲੈਕੇ ਤੀਜੇ ਨੰਬਰ ਤੇ ਰਹੇ ਸਨ, ਇਥੋਂ 6 ਹੋਰ ਉਮੀਦਵਾਰਾਂ ਜਿਨ੍ਹਾਂ 'ਚ ਬਸਪਾ ਦਾ ਉਮੀਦਵਾਰ ਵੀ ਸ਼ਾਮਲ ਨੇ, ਚੋਣ ਲੜੀ ਸੀ, ਪਰ ਕੋਈ ਵੀ ਉਮੀਦਵਾਰ 1000 ਤੋਂ ਵੱਧ ਵੋਟਾਂ ਨਹੀਂ ਲੈਕੇ ਜਾ ਸਕਿਆ ਸੀ। ਇਥੇ 981 ਲੋਕਾਂ ਨੇ 'ਨੋਟਾ' ਦਾ ਬਟਨ ਦਬਾਇਆ ਸੀ।

ਜਲਾਲਾਬਾਦ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੁਖਬੀਰ ਸਿੰਘ ਬਾਦਲ 2017 ਵਿੱਚਲੀਆਂ ਵਿਧਾਨ ਸਭਾ ਚੋਣਾਂ ਸਮੇਂ ਜਿੱਤੇ ਸਨ। ਉਹਨਾ ਨੇ ਇਸ ਹਲਕੇ ਤੋਂ 2009, 2012 ਵਿੱਚ ਵੀ ਇਥੋਂ ਹੀ ਚੋਣ ਜਿੱਤੀ ਸੀ। ਸੁਖਬੀਰ ਸਿੰਘ ਬਾਦਲ ਨੇ 75,271 ਵੋਟਾਂ, ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ 56,771 ਵੋਟਾਂ ਅਤੇ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ 31,539 ਵੋਟਾਂ ਪ੍ਰਾਪਤ ਕੀਤੀਆਂ। ਹੋਰ 7 ਉਮੀਦਵਾਰ ਮੈਦਾਨ ਵਿੱਚ ਸਨ, ਸਿਰਫ਼ ਇੱਕ ਉਮੀਦਵਾਰ ਜੋ ਕਮਿਊਨਿਸਟ ਪਾਰਟੀ ਨਾਲ ਸਬੰਧਤ ਸੀ 1,743 ਵੋਟਾਂ ਪ੍ਰਾਪਤ ਕਰ ਗਿਆ, ਬਾਕੀ 6 ਉਮੀਦਵਾਰ 700 ਵੋਟਾਂ ਪ੍ਰਤੀ ਤੋਂ ਵੱਧ ਵੋਟਾਂ ਨਾ ਲੈ ਸਕੇ। ਇਥੇ 1,112 ਲੋਕਾਂ ਨੇ ਕਿਸੇ ਨੂੰ ਵੀ ਵੋਟ ਨਾ ਪਾਈ ਭਾਵ 'ਨੋਟਾ' ਦਾ ਬਟਨ ਦਬਾਇਆ।

ਫਗਵਾੜਾ ਰਿਜ਼ਰਵ ਹਲਕੇ ਤੋਂ ਭਾਜਪਾ ਦੇ ਸੋਮ ਪ੍ਰਕਾਸ਼ ਨੂੰ 45,479 ਵੋਟਾਂ, ਜੋਗਿੰਦਰ ਸਿੰਘ ਮਾਨ ਨੂੰ 43,470 ਵੋਟਾਂ ਅਤੇ ਆਮ ਆਦਮੀ ਪਾਰਟੀ ਦੇ ਜਰਨੈਲ ਜੰਗਲ ਨੂੰ 32,374 ਵੋਟਾਂ ਮਿਲੀਆਂ ਸਨ। ਬਹੁਜਨ ਸਮਾਜ ਪਾਰਟੀ ਦਾ ਉਮੀਦਵਾਰ ਸੁਰਿੰਦਰ ਢੰਡਾ 6,160 ਵੋਟਾਂ ਲੈ ਗਿਆ, ਜਦਕਿ ਬਾਕੀ ਹੋਰ ਤਿੰਨ ਉਮੀਦਵਾਰ 500 ਵੋਟਾਂ ਪ੍ਰਤੀ ਤੋਂ ਵੱਧ ਨਾ ਲੈ ਸਕੇ। 'ਨੋਟਾ' ਦਾ ਬਟਨ 1094 ਲੋਕਾਂ ਨੇ ਦਬਾਇਆ।

ਮੁਕੇਰੀਆਂ ਵਿਧਾਨ ਸਭਾ ਤੋਂ ਕਾਂਗਰਸੀ ਰਜਨੀਸ਼ ਕੁਮਾਰ ਬੱਬੀ 56,787 ਵੋਟਾਂ, ਭਾਰਤੀ ਜਨਤਾ ਪਾਰਟੀ ਦੇ ਅਰੁਨੇਸ਼ ਕੁਮਾਰ, 33,661 ਵੋਟਾਂ, ਲੈ ਗਏ ਜਦਕਿ ਇੱਕ ਆਜ਼ਾਦ ਉਮੀਦਵਾਰ ਜੰਗੀ ਲਾਲ ਮਹਾਜਨ 20,542 ਵੋਟਾਂ ਅਤੇ ਆਮ ਆਦਮੀ ਪਾਰਟੀ ਦੇ ਸੁਲੱਖਣ ਸਿੰਘ ਨੇ 17,005 ਵੋਟਾਂ ਪ੍ਰਾਪਤ ਕੀਤੀਆਂ ਜਦਕਿ ਹੋਰ 6 ਉਮੀਦਵਾਰ 1300 ਪ੍ਰਤੀ ਤੋਂ ਵੱਧ ਵੋਟਾਂ ਨਾ ਲੈ ਸਕੇ ਤੇ 1018 ਵੋਟਾਂ 'ਨੋਟਾ' ਦੇ ਹੱਕ 'ਚ ਗਈਆਂ। ਆਮ ਆਦਮੀ ਪਾਰਟੀ, ਜਿਹੜੀ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਰੀ ਬਹੁਮਤ ਦੀ ਆਸ ਰੱਖਦਿਆਂ 117 ਵਿੱਚੋਂ 100 ਸੀਟਾਂ ਉਤੇ ਜਿੱਤ ਦਾ ਦਾਅਵਾ ਕਰ ਰਹੀ ਸੀ, ਉਹ ਸਿਰਫ਼ 19 ਸੀਟਾਂ ਉਤੇ ਹੀ ਜਿੱਤ ਪ੍ਰਾਪਤ ਕਰ ਸਕੀ, ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਦਰਜ਼ਾ ਹਾਸਲ ਕਰ ਗਈ ਜਦਕਿ ਅਕਾਲੀ ਦਲ ਦੇ 13 ਅਤੇ ਭਾਜਪਾ ਦੇ 2 ਸੀਟਾਂ ਹੀ ਹੱਥ ਲੱਗੀਆਂ, ਕਾਂਗਰਸ 77 ਸੀਟਾਂ ਉਤੇ ਜੇਤੂ ਰਹੀ।

2017 ਤੋਂ 2019 ਦੇ ਸਮੇਂ ਦੌਰਾਨ ਆਮ ਆਦਮੀ ਪਾਰਟੀ ਦਾ ਸੂਬੇ 'ਚ ਗਰਾਫ਼ ਨਿਵਾਣਾ ਵੱਲ ਗਿਆ, ਪਾਰਟੀ ਦੋ ਤੋਂ ਵੱਧ ਧੜਿਆਂ 'ਚ ਵੰਡੀ ਗਈ, ਇਸਦੇ ਕੁਝ ਮੈਂਬਰਾਂ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ 'ਚ ਵੱਖਰੀ ਪਾਰਟੀ ਦਾ ਗਠਨ ਕਰ ਲਿਆ। ਕੁਝ ਵਿਧਾਨ ਸਭਾ ਮੈਂਬਰਾਂ ਆਪਣੀ ਵਿਧਾਨ ਸਭਾ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਤੇ ਕਾਂਗਰਸ ਦਾ ਲੜ ਫੜ ਲਿਆ ਹਾਲਾਂਕਿ ਵਿਧਾਨ ਸਭਾ ਪੰਜਾਬ ਦੇ ਸਪੀਕਰ ਨੇ ਉਹਨਾ ਦਾ ਅਸਤੀਫ਼ਾ ਸਮੇਤ ਸੁਖਪਾਲ ਸਿੰਘ ਖਹਿਰਾ ਦੇ ਅਸਤੀਫ਼ੇ ਦੇ ਤਕਨੀਕੀ ਖਾਮੀਆਂ ਕਾਰਨ ਹਾਲੇ ਤੱਕ ਪ੍ਰਵਾਨ ਨਹੀਂ ਕੀਤਾ। ਹੁਣ ਭਾਵੇਂ ਜ਼ਿਮਨੀ ਚੋਣਾਂ ਦਾ ਐਲਾਨ ਹੋਣਾ ਬਾਕੀ ਹੈ, ਪਰ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਖਾਲੀ ਸੀਟਾਂ ਉਤੋਂ ਜ਼ਿਮਨੀ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ, ਭਾਵੇਂ ਕਿ ਲੋਕ ਸਭਾ ਦੀਆਂ 41 ਲੋਕ ਸਭਾ ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਕੁਝ ਵੀ ਪ੍ਰਾਪਤ ਨਾ ਕਰ ਸਕੀ ਸਿਵਾਏ ਸੰਗਰੂਰ ਤੋਂ ਪਾਰਲੀਮੈਂਟ ਦੀ ਸੀਟ ਭਗਵੰਤ ਸਿੰਘ ਮਾਨ ਦੇ ਹੱਕ 'ਚ ਜਿੱਤਣ ਦੇ। ਪਰ ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ ਅਕਾਲੀ ਦਲ (ਬ), ਭਾਜਪਾ, ਕਾਂਗਰਸ, ਲੋਕ ਇਨਸਾਫ ਪਾਰਟੀ ਨੇ ਹਾਲੇ ਜ਼ਾਹਰੀ ਤੌਰ ਤੇ ਕੋਈ ਸਰਗਰਮੀ ਕਿਸੇ ਵੀ ਹਲਕੇ 'ਚ ਨਹੀਂ ਆਰੰਭੀ, ਭਾਵੇਂ ਕਿ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਅੰਦਰੋਗਤੀ ਚੋਣਾਂ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ।

ਬਿਨ੍ਹਾਂ ਸ਼ੱਕ ਅਕਾਲੀ-ਭਾਜਪਾ, ਕਾਂਗਰਸ ਸਾਰੀਆਂ ਸੀਟਾਂ ਉਤੇ ਚੋਣ ਲੜੇਗੀ। ਅਕਾਲੀ ਦਲ ਜਲਾਲਾਬਾਦ ਅਤੇ ਦਾਖਾ ਤੋਂ ਆਪਣੇ ਉਮੀਦਵਾਰ ਖੜੇ ਕਰੇਗਾ, ਜਦਕਿ ਭਾਜਪਾ ਫਗਵਾੜਾ ਅਤੇ ਮੁਕੇਰੀਆਂ ਤੋਂ ਚੋਣ ਲੜੇਗੀ। ਜੇਕਰ ਲੋਕ ਇਨਸਾਫ ਪਾਰਟੀ, ਬਸਪਾ, ਆਮ ਆਦਮੀ ਪਾਰਟੀ, ਸੁਖਪਾਲ ਖਹਿਰਾ ਦੀ ਪੰਜਾਬ ਏਕਤਾ ਪਾਰਟੀ, ਟਕਸਾਲੀ ਅਕਾਲੀਆਂ ਦਾ ਆਪਸੀ ਸਮਝੌਤਾ ਨਹੀਂ ਹੁੰਦਾ ਤਾਂ ਆਮ ਆਦਮੀ ਪਾਰਟੀ ਅਤੇ ਬਸਪਾ ਇਹਨਾ ਸਾਰੀਆਂ ਸੀਟਾਂ ਤੋਂ ਇੱਕਲੇ ਤੌਰ 'ਤੇ ਚੋਣ ਤਾਂ ਲੜਨਗੀਆਂ ਹੀ, ਪਰ ਲੋਕ ਇਨਸਾਫ ਪਾਰਟੀ ਵਲੋਂ ਜੇਕਰ ਹੋਰ ਕੋਈ ਸੀਟ ਨਹੀਂ ਵੀ ਲੜੀ ਜਾਂਦੀ, ਫਗਵਾੜਾ ਤੋਂ ਜਰਨੈਲ ਨੰਗਲ ਨੂੰ ਆਪਣਾ ਉਮੀਦਵਾਰ ਉਤਾਰਿਆ ਜਾਵੇਗਾ।

ਪੰਜਾਬ ਵਿਧਾਨ ਸਭਾ ਚੋਣਾਂ 2017 ਤੋਂ ਬਾਅਦ 2019 ਦੀਆਂ ਲੋਕ ਚੋਣਾਂ ਵਿੱਚ ਕਾਂਗਰਸ ਦੇ ਹੱਕ ਤੇ ਵਿਰੋਧ ਵਿੱਚ ਕਾਫ਼ੀ ਫ਼ਰਕ ਵੇਖਣ ਨੂੰ ਮਿਲਿਆ। ਕਾਂਗਰਸ ਨੇ ਵਿਧਾਨ ਸਭਾ ਚੋਣਾਂ 2017 'ਚ ਜਿਥੇ 77 ਸੀਟਾਂ ਜਿੱਤੀਆਂ, ਉਥੇ ਲੋਕ ਸਭਾ ਚੋਣਾਂ 2019 'ਚ 8 ਸੀਟਾਂ ਉਤੇ ਹੀ ਜਿੱਤ ਪ੍ਰਾਪਤ ਕੀਤੀ, ਹਾਲਾਂਕਿ ਪੰਜਾਬ ਕਾਂਗਰਸ ਦਾ ਨਿਸ਼ਾਨਾ 13 ਵਿੱਚੋਂ 13 ਸੀਟਾਂ ਜਿੱਤਣ ਦਾ ਸੀ। ਸਭ ਤੋਂ ਵੱਡੀ ਹਾਰ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੀ ਸੀ, ਜਿਹੜੇ ਇੱਕ ਐਕਟਰ ਧਰਮਿੰਦਰ ਦੇ ਬੇਟੇ ਸਨੀ ਦਿਓਲ ਤੋਂ ਬੁਰੀ ਤਰ੍ਹਾਂ ਹਾਰ ਗਏ। ਹੁਸ਼ਿਆਰਪੁਰ ਸੀਟ ਵਿੱਚ ਹੀ ਫਗਵਾੜਾ ਅਤੇ ਮੁਕੇਰੀਆਂ ਵਿਧਾਨ ਸਭਾ ਹਲਕੇ ਪੈਂਦੇ ਹਨ। ਜਿਹਨਾ ਵਿੱਚ ਫਗਵਾੜਾ ਵਾਲੀ 2017 ਵਿੱਚ ਸੀਟ ਭਾਜਪਾ ਦੇ ਸੋਮ ਪ੍ਰਕਾਸ਼ ਨੇ ਜਿੱਤੀ ਅਤੇ 2019 ਲੋਕ ਸਭਾ 'ਚ ਫਗਵਾੜਾ ਸੀਟ ਤੋਂ ਕੁਝ ਵੋਟਾਂ ਦੇ ਫ਼ਰਕ ਨਾਲ ਹੋ ਜਿੱਤੇ ਜਦਕਿ ਮੁਕੇਰੀਆਂ 'ਚ ਕਾਂਗਰਸ ਉਮੀਦਵਾਰ 2017 'ਚ ਜੇਤੂ ਰਿਹਾ, ਪਰ 2019 'ਚ ਮੁਕੇਰੀਆਂ ਵਿੱਚ ਭਾਜਪਾ ਦੇ ਉਮੀਦਵਾਰ ਸੋਮ ਪ੍ਰਕਾਸ਼ ਨੇ ਇਸ ਵਿਧਾਨ ਸਭਾ ਸੀਟ ਤੋਂ ਵੀ ਲੀਡ ਲੈ ਲਈ। ਇੰਜ ਭਾਜਪਾ ਇਹਨਾ ਦੋਹਾਂ ਸੀਟਾਂ ਉਤੇ ਉਪ ਚੋਣਾਂ ਵਿੱਚ ਚੰਗੀ ਕਾਰਗੁਜ਼ਾਰੀ ਦੀ ਆਸਵੰਦ ਹੈ। ਜਲਾਲਾਬਾਦ ਤੋਂ ਸ਼੍ਰੋਮਣੀ ਅਕਾਲੀ ਦਲ ਚੰਗੇ ਉਮੀਦਵਾਰ ਨਾਲ ਚੋਣ ਲੜੇਗਾ ਜਦਕਿ ਦਾਖਾ ਤੋਂ ਮਨਪ੍ਰੀਤ ਸਿੰਘ ਇਯਾਲੀ ਅਕਾਲੀ ਦਲ ਲਈ ਦੁਬਾਰਾ ਟੱਕਰ ਦੇ ਸਕਦਾ ਹੈ।

ਕਾਂਗਰਸ ਖ਼ਾਸ ਕਰਕੇ ਅਮਰਿੰਦਰ ਸਿੰਘ ਮੁੱਖ ਮੰਤਰੀ ਲਈ ਇਹ ਪਰਖ ਦੀ ਘੜੀ ਹੈ। ਭਾਵੇਂ ਕਿ ਸੂਬੇ ਵਿੱਚ ਵਿਰੋਧੀ ਧਿਰ ਵਿੱਖਰੀ ਪਈ ਹੈ। ਬਹੁਤੀਆਂ ਸਿਆਸੀ ਪਾਰਟੀਆਂ ਸਮੇਤ ਕੌਮੀ ਪੱਧਰ ਤੇ ਦੇਸ਼ ਉਤੇ ਰਾਜ ਕਰਨ ਵਾਲੀ ਭਾਜਪਾ, ਪੰਜਾਬ ਵਿੱਚ ਕਈ ਧੜਿਆਂ 'ਚ ਵੰਡੀ ਪਈ ਹੈ। ਇਸਦੇ ਪੰਜਾਬ ਵਿਚਲੇ ਨੇਤਾ ਇੱਕ-ਦੂਜੇ ਵਿਰੁੱਧ ਜਦੋਂ ਵੀ ਮੌਕਾ ਮਿਲਦਾ ਹੈ ਭੜਾਸ ਕੱਢਦੇ ਰਹਿੰਦੇ ਹਨ। ਸ਼੍ਰੋਮਣੀ ਅਕਾਲੀ ਦਲ (ਬ) ਨੇ ਜ਼ਮੀਨੀ ਪੱਧਰ 'ਤੇ ਖ਼ਾਸ ਕਰਕੇ ਪਿੰਡਾਂ ਵਿੱਚ ਆਪਣਾ ਆਧਾਰ ਗੁਆ ਲਿਆ ਹੈ। ਇਸਦੇ ਬਹੁ-ਗਿਣਤੀ ਵੱਡੇ ਨੇਤਾ, ਸਿੱਖ ਸਿਆਸਤ ਅਤੇ ਲੋਕ ਸੇਵਾ ਸਿਆਸਤ ਛੱਡ ਚੁੱਕੇ ਹਨ। ਸਿੱਟੇ ਵਜੋਂ ਉਹ ਲੋਕਾਂ ਤੋਂ ਦੂਰੀ ਬਣਾ ਬੈਠੇ ਹਨ। ਦਸ ਵਰ੍ਹਿਆਂ ਦੇ ਅਕਾਲੀ-ਭਾਜਪਾ ਰਾਜ ਨੇ (ਖ਼ਾਸ ਕਰਕੇ ਅਕਾਲੀਆਂ ਨੂੰ) ਲੋਕਾਂ ਵਿੱਚ ਬਹੁਤ ਬਦਨਾਮ ਕੀਤਾ ਹੈ। ਰਾਮ ਰਹੀਮ ਸਿੰਘ ਸੱਚਾ ਸੌਦਾ ਬਾਬੇ ਨਾਲ 'ਬਾਦਲ ਪਰਿਵਾਰ' ਦੀ ਨੇੜਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇ-ਹੁਰਮਤੀ ਦੀਆਂ ਘਟਨਾਵਾਂ ਨੇ ਅਕਾਲੀ ਦਲ ਬਾਦਲ ਨੂੰ ਪੰਜਾਬ 'ਚ ਵਿਧਾਨ ਸਭਾ ਚੋਣਾਂ ਵੇਲੇ ਅਪੋਜੀਸ਼ਨ ਦਾ ਦਰਜਾ ਵੀ ਉਸ ਕੋਲ ਨਹੀਂ ਰਹਿਣ ਦਿੱਤਾ।

ਪਰ ਇਸ ਸਭ ਕੁਝ ਦੇ ਬਾਵਜੂਦ ਕਾਂਗਰਸ ਦੀ ਸਥਿਤੀ ਜ਼ਿਮਨੀ ਚੋਣਾਂ ਸਮੇਂ ਬਹੁਤੀ ਸੁਖਾਵੀਂ ਨਹੀਂ। ਫਗਵਾੜਾ ਅਤੇ ਮੁਕੇਰੀਆਂ ਵਿੱਚ ਭਾਜਪਾ ਨਾਲ ਉਸਦੀ ਸਿੱਧੀ ਟੱਕਰ ਤਾਂ ਹੋਏਗੀ ਹੀ, ਪਰ ਕਾਂਗਰਸੀ ਧਿਰ ਦੇ ਨੇਤਾ ਧੜਿਆਂ 'ਚ ਵੰਡੇ ਹੋਣ ਕਾਰਨ ਇਕਮੁੱਠ ਰਹਿਕੇ ਅਮਰਿੰਦਰ ਸਿੰਘ ਦੀ ਲੀਡਰਸ਼ੀਪ ਨੂੰ ਮਜ਼ਬੂਤ ਕਰਨਗੇ ਜਾਂ ਫਿਰ ਇੱਕ ਦੂਜੇ ਨੂੰ ਹਰਾਕੇ ਸਰਕਾਰ ਦੀ ਬਦਨਾਮੀ ਕਰਾਉਣਗੇ। ਇਹ ਇੱਕ ਵੱਡਾ ਸਵਾਲ ਹੈ। ਫਗਵਾੜਾ ਵਿੱਚ ਕਾਂਗਰਸ ਦੇ ਦੋ ਧੜੇ ਹਨ ਜਿਹੜੇ ਵਾਹ ਲੱਗਦਿਆਂ ਪਿਛਲੀਆਂ ਚੋਣਾਂ 'ਚ ਇੱਕ ਦੂਜੇ ਨੂੰ ਹਰਾਉਂਦੇ ਰਹੇ ਹਨ ਤੇ ਵਿਰੋਧੀ ਧਿਰ ਨੂੰ ਵੋਟਾਂ ਪਾਉਂਦੇ ਰਹੇ ਹਨ। ਭਾਜਪਾ ਦੇ ਵੀ ਦੋ ਧੜੇ ਹਨ ਜਿਹੜੇ ਇੱਕ ਦੂਜੇ ਨੂੰ ਠਿੱਬੀ ਲਾਉਣ 'ਚ ਕੋਈ ਕਸਰ ਨਹੀਂ ਛੱਡਦੇ। ਮੁਕੇਰੀਆਂ ਵਿੱਚ ਵੀ ਹਾਲਾਤ ਲਗਭਗ ਇਹੋ ਜਿਹੇ ਜਾਪਦੇ ਹਨ। ਜਲਾਲਾਬਾਦ ਸੀਟ ਉਤੇ ਕਾਂਗਰਸ ਅਤੇ ਅਕਾਲੀਆਂ ਦੀ ਟੱਕਰ ਦਿਲਚਸਪ ਹੋਏਗੀ, ਪਰ ਇਹਨਾਂ ਦੋਹਾਂ ਸੀਟਾਂ ਵਿੱਚੋਂ ਜਲਾਲਾਬਾਦ ਹੀ ਇੱਕ ਇਹੋ ਜਿਹੀ ਸੀਟ ਹੈ, ਜਿਥੇ ਆਮ ਆਦਮੀ ਪਾਰਟੀ ਆਪਣੀ ਚੰਗੀ ਹੋਂਦ ਦਰਸਾ ਸਕਦੀ ਹੈ। ਦਾਖਾ ਵਿੱਚ ਐਡਵੋਕੇਟ ਫੂਲਕਾ ਕਾਰਨ ਆਮ ਆਦਮੀ ਪਾਰਟੀ ਜਿੱਤੀ ਸੀ, ਅਤੇ ਕਾਂਗਰਸ ਤੀਜੇ ਨੰਬਰ ਉਤੇ ਸੀ, ਪਰ ਐਤਕਾਂ ਦਾਖੇ 'ਚ ਕਾਂਗਰਸ ਅਤੇ ਅਕਾਲੀਆਂ ਦੀ ਟੱਕਰ ਦਿਲਚਸਪ ਰਹੇਗੀ।

ਕਾਂਗਰਸ ਸਰਕਾਰ ਦੀ ਪਿਛਲੇ ਲਗਭਗ ਢਾਈ ਸਾਲਾਂ ਦੇ ਕਾਰਜਕਾਲ ਨੂੰ ਬਹੁਤਾ ਸੰਤੁਸ਼ਟ ਨਹੀਂ ਕਿਹਾ ਜਾ ਸਕਦਾ। ਪੰਚਾਇਤਾਂ ਦੀਆਂ ਚੋਣਾਂ ਬਹੁਤ ਮੁਸ਼ਕਲ ਨਾਲ ਸਰਕਾਰ ਕਰਵਾ ਸਕੀ ਪਰ ਵਿਕਾਸ ਫੰਡ ਉਹਨਾ ਨੂੰ ਨਹੀਂ ਮਿਲ ਰਹੇ। ਬਲਾਕ ਸੰਮਤੀਆਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋ ਗਈਆਂ, ਪਰ ਉਹਨਾ ਦੇ ਆਹੁਦੇਦਾਰ ਨਹੀਂ ਚੁਣੇ ਜਾ ਰਹੇ ਬਾਵਜੂਦ ਇਸਦੇ ਕਿ ਇਹਨਾ ਵਿੱਚ ਵੱਡੀ ਗਿਣਤੀ ਕਾਂਗਰਸ ਆਗੂ ਹੀ ਚੇਅਰਮੈਨ, ਉਪ ਚੇਅਰਮੈਨ ਬਣਨੇ ਹਨ। ਬੋਰਡਾਂ, ਕਾਰਪੋਰੇਸ਼ਨਾਂ, ਮਾਰਕੀਟ ਕਮੇਟੀਆਂ ਦੇ ਚੇਅਰਮੈਨ ਲਗਾਉਣ ਲਈ ਸਰਕਾਰ ਵਲੋਂ ਕੋਈ ਫੁਰਤੀ ਨਹੀਂ ਵਿਖਾਈ ਜਾ ਰਹੀ, ਸਿੱਟੇ ਵਜੋਂ ਕਾਂਗਰਸੀ ਵਰਕਰ ਅਤੇ ਨੇਤਾ ਨਿਰਾਸ਼ ਹਨ। ਕਿਸਾਨ ਕਰਜ਼ਿਆਂ ਦੀ ਮੁਆਫ਼ੀ ਦਾ ਕੰਮ ਅੱਧ ਵਿਚਾਲੇ ਲਟਕਿਆ ਪਿਆ ਹੈ। ਪੰਜਾਬ ਦੇ ਮੁਲਾਜ਼ਮਾਂ ਦੀਆਂ ਚਿਰ ਪੁਰਾਣੀਆਂ ਮੰਗਾਂ ਪ੍ਰਤੀ ਸਰਕਾਰ ਦੀ ਅਣਦੇਖੀ, ਮੁਲਾਜ਼ਮਾਂ ਨੂੰ ਖਟਕ ਰਹੀ ਹੈ ਅਤੇ ਉਹ ਉਪ ਚੋਣਾਂ 'ਚ ਸਰਕਾਰ ਨੂੰ ਝਟਕਾ ਦੇਣ ਦੇ ਰੌਂਅ ਵਿੱਚ ਹਨ। ਹਾਂ, ਸਰਬੱਤ ਸਿਹਤ ਬੀਮਾ ਯੋਜਨਾ ਲਾਗੂ ਕਰਨ ਨੇ ਕਾਂਗਰਸ ਸਰਕਾਰ ਨੂੰ ਕੁਝ ਸ਼ਾਬਾਸ਼ੀ ਜ਼ਰੂਰ ਦੁਆਈ ਹੈ। ਪਰ ਨਸ਼ਿਆਂ ਦਾ ਪੰਜਾਬ ਵਿਚਲਾ ਪ੍ਰਕੋਪ, ਹੜ੍ਹ ਪੀੜਤਾਂ ਦੀ ਸਹਾਇਤਾ ਸਰਕਾਰ ਪ੍ਰਤੀ ਨਾਕਾਮੀ ਨੇ ਕਾਂਗਰਸ ਸਰਕਾਰ ਨੂੰ ਲੋਕਾਂ ਤੋਂ ਦੂਰ ਕੀਤਾ ਹੈ। ਇਸਦਾ ਵੱਡਾ ਪ੍ਰਭਾਵ ਚੋਣਾਂ 'ਤੇ ਪਏਗਾ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜਿਸ ਧਿਰ ਦੀ ਸਰਕਾਰ ਹੋਵੇ, ਉਹੀ ਧਿਰ ਜ਼ਿਮਨੀ ਚੋਣਾਂ 'ਚ ਸੀਟਾਂ ਜਿੱਤ ਜਾਂਦੀ ਹੈ। ਬਹੁਤੀਆਂ ਹਾਲਤਾਂ 'ਚ ਜ਼ਿਮਨੀ ਚੋਣਾਂ ਵੇਲੇ ਸਰਕਾਰੀ ਮਸ਼ੀਨਰੀ ਵੀ ਰਾਜ ਕਰਨ ਵਾਲੀ ਸਿਆਸੀ ਧਿਰ ਲਈ ਕੰਮ ਕਰ ਜਾਂਦੀ ਹੈ। ਪਰ ਇਸ ਵੇਲੇ ਪੰਜਾਬ ਵਿੱਚ ਕਾਂਗਰਸ ਅਤੇ ਕੇਂਦਰ 'ਚ ਭਾਜਪਾ ਹੈ, ਜੋ ਕਿ ਪੰਜਾਬ 'ਚ ਵਿਰੋਧੀ ਧਿਰ 'ਚ ਬੈਠੀ ਹੈ, ਹੋਣ ਕਾਰਨ ਸਰਕਾਰੀ ਅਫ਼ਸਰ ਵੀ ਕਿਸੇ ਧਿਰ ਦੀ ਪ੍ਰਤੱਖ ਮਦਦ ਨਹੀਂ ਕਰਨਗੇ। ਉਂਜ ਪੰਜਾਬ ਵਿਚਲੇ ਹਾਲਤਾਂ, ਜਿਥੇ ਵਿਰੋਧੀ ਧਿਰ ਕਾਫ਼ੀ ਕਮਜ਼ੋਰ ਹੈ ਅਤੇ ਵੰਡੀ ਹੋਈ ਹੈ, ਪੰਜਾਬ ਦੀ ਕਾਂਗਰਸ ਅਤੇ ਸਰਕਾਰ ਇਸਦਾ ਫਾਇਦਾ ਚੁਕੇਗੀ ਅਤੇ ਇਹਨਾ ਚਾਰਾਂ ਵਿਚੋਂ ਬਹੁਤੀਆਂ ਸੀਟਾਂ ਆਪਣੇ ਹੱਕ ਵਿੱਚ ਜਿੱਤ ਲਵੇਗੀ।

# ਚੰਦਰਮਾ ਤੋਂ ਹੁਣ ਸਿਰਫ਼ ਕੁਝ ਕਦਮ ਦੂਰ ਰਹਿ ਗਿਆ ਚੰਦਰਯਾਨ-2

**ਬੈਂਗਲੁਰੂ-** ਭਾਰਤ ਦੇ ਦੂਜੇ ਮਿਸ਼ਨ 'ਤੇ ਨਿਕਲਿਆ ਚੰਦਰਯਾਨ-2 ਹੁਣ ਚੰਦਰਮਾ ਤੋਂ ਕੁਝ ਕਦਮ ਹੀ ਦੂਰ ਰਹਿ ਗਿਆ ਹੈ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਚੰਦਰਯਾਨ-2 ਦੇ ਆਰਬਿਟਰ ਤੋਂ ਵੱਖ ਹੋਣ ਦੇ ਇਕ ਦਿਨ ਬਾਅਦ ਲੈਂਡਰ 'ਵਿਕਰਮ' ਨੂੰ ਪਹਿਲੀ ਵਾਰ ਚੰਦਰਮਾ ਦੇ ਹੇਠਲੇ ਪੰਧ 'ਚ ਉਤਾਰਣ ਦਾ ਪਹਿਲਾ ਪੜਾਅ ਮੰਗਲਵਾਰ ਨੂੰ ਸਫਲਤਾ ਨਾਲ ਪੂਰਾ ਕਰ ਲਿਆ। ਪੰਧ 'ਚ ਬਦਲਾਅ ਦਾ ਆਖਰੀ ਪੜਾਅ ਬੁੱਧਵਾਰ ਨੂੰ ਪੂਰਾ ਕੀਤਾ ਜਾਵੇਗਾ, ਉਸ ਤੋਂ ਬਾਅਦ ਸੱਤ ਸਤੰਬਰ ਨੂੰ ਚੰਦਰਯਾਨ-2 ਦੀ ਚੰਦਰਮਾ ਦੇ ਦੱਖਣੀ ਧਰੁਵ 'ਤੇ ਸਾਫਟ ਲੈਂਡਿੰਗ ਹੋਵੇਗੀ।

ਇਸਰੋ ਨੇ ਦੱਸਿਆ ਕਿ ਚੰਦਰਯਾਨ-2 ਨੂੰ ਹੇਠਲੇ ਪੰਧ 'ਚ ਲਿਜਾਣ ਦਾ ਕੰਮ ਮੰਗਲਵਾਰ ਸਵੇਰੇ ਭਾਰਤੀ ਸਮੇਂ ਮੁਤਾਬਕ 8.50 ਮਿੰਟ 'ਤੇ ਸਫਲਤਾ ਨਾਲ ਤੇ ਪਹਿਲਾਂ ਤੋਂ ਨਿਰਧਾਰਤ ਯੋਜਨਾ ਤਹਿਤ ਕੀਤਾ ਗਿਆ। ਇਹ ਪ੍ਰਕਿਰਿਆ ਕੁੱਲ ਚਾਰ ਸਕਿੰਟ ਦੀ ਰਹੀ।' ਏਜੰਸੀ ਨੇ ਦੱਸਿਆ, 'ਲੈਂਡਰ ਵਿਕਰਮ ਦਾ ਪੰਧ 104 ਕਿਲੋਮੀਟਰ ਗੁਣਾ 128 ਕਿਲੋਮੀਟਰ ਹੈ। ਆਰਬਿਟਰ ਤੇ ਲੈਂਡਰ ਪੂਰੀ ਤਰ੍ਹਾਂ ਨਾਲ ਠੀਕ ਹਨ। ਇਕ ਵਾਰ ਫਿਰ ਚਾਰ ਸਤੰਬਰ ਨੂੰ ਭਾਰਤੀ ਸਮੇਂ ਮੁਤਾਬਕ ਤੜਕੇ 3.30 ਵਜੇ ਤੋਂ ਲੈ ਕੇ 4.30 ਵਜੇ ਵਿਚਕਾਰ ਇਸ ਦੇ ਪੰਧ 'ਚ ਕਮੀ ਕੀਤੀ ਜਾਵੇਗੀ।'

ਸੋਮਵਾਰ ਨੂੰ ਲੈਂਡਰ ਵਿਕਰਮ ਆਰਬਿਟਰ ਤੋਂ ਸਫਲਤਾ ਨਾਲ ਵੱਖ ਹੋਇਆ ਸੀ। ਯੋਜਨਾ ਤਹਿਤ 'ਵਿਕਰਮ' ਤੇ ਉਸ ਦੇ ਅੰਦਰ ਮੌਜੂਦ ਰੋਵਰ 'ਪ੍ਰਗਿਆਨ' ਦੇ ਸੱਤ ਸਤੰਬਰ ਨੂੰ ਦੇਰ ਰਾਤ 1.30 ਤੋਂ 2.30 ਵਜੇ ਵਿਚਕਾਰ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਰਣ ਦੀ ਉਮੀਦ ਹੈ।

ਬੁੱਧਵਾਰ ਨੂੰ ਲੈਂਡਰ ਵਿਕਰਮ ਨੂੰ ਚੰਦਰਮਾ ਦੇ ਸਭ ਤੋਂ ਨਜ਼ਦੀਕੀ ਪੰਧ 'ਚ ਭੇਜਣ ਮਗਰੋਂ ਤਿੰਨ ਦਿਨਾਂ ਤਕ ਉਸ ਦਾ ਨਿਰੀਖਣ ਕੀਤਾ ਜਾਵੇਗਾ। ਸੱਤ ਸਤੰਬਰ ਦੇ ਸਾਫਟ ਲੈਂਡਿੰਗ ਤੋਂ ਪਹਿਲਾਂ ਉਸ ਦੇ ਹਰ ਉਪਕਰਨਾਂ ਦੀ ਵਾਰ ਵਾਰ ਜਾਂਚ ਕੀਤੀ ਜਾਵੇਗੀ। ਆਖਰੀ ਪਲ ਤਕ ਇਹ ਯਕੀਨੀ ਕੀਤਾ



ਜਾਵੇਗਾ ਕਿ ਕਿਤੇ ਕੋਈ ਗੜਬੜੀ ਨਾ ਰਹਿ ਜਾਵੇ।

ਚੰਦਰਮਾ ਦੀ ਸਤਹਿ 'ਤੇ ਉਤਰਣ ਦੇ ਲਗਪਗ ਚਾਰ ਘੰਟੇ ਬਾਅਦ ਲੈਂਡਰ ਵਿਕਰਮ 'ਚੋਂ ਰੋਵਰ 'ਪ੍ਰਗਿਆਨ' ਸਵੇਰੇ 5.30 ਵਜੇ ਤੋਂ 6.30 ਵਜੇ ਵਿਚਕਾਰ ਨਿਕਲੇਗਾ ਤੇ ਇਕ ਚੰਦਰ ਦਿਵਸ ਦੇ ਬਰਾਬਰ ਚੰਦਰਮਾ ਦੀ ਸਤਹਿ 'ਤੇ ਰਹਿ ਕੇ ਪ੍ਰਰੀਖਣ ਕਰਦਾ ਰਹੇਗਾ।


ਚੰਦਰਮਾ ਦਾ ਇਕ ਦਿਨ ਧਰਤੀ ਦੇ 14 ਦਿਨਾਂ ਦੇ ਬਰਾਬਰ ਹੈ। ਲੈਂਡਰ ਦਾ ਵੀ ਮਿਸ਼ਨ ਜੀਵਨਕਾਲ ਇਕ ਚੰਦਰ ਦਿਵਸ ਹੀ ਹ ੋਵੇਗਾ ਜਦਕਿ ਆਰਬਿਟਰ ਇਕ ਸਾਲ ਤਕ ਕੰਮ ਕਰੇਗਾ। ਪ੍ਰਗਿਆਨ ਰੋਵਰ ਆਪਣੇ ਇਕ ਚੰਦਰ ਦਿਵਸ ਦੀ ਰਿਸਰਚ 'ਚ ਕਈ ਤਰ੍ਹਾਂ ਦੀਆਂ ਖੋਜਾਂ ਕਰੇਗਾ। ਉਹ ਚੰਦਰਮਾ ਦੀ ਸਤਹਿ ਦੇ ਰਸਾਇਣਕ ਢਾਂਚੇ ਦਾ ਪਤਾ ਲਗਾਏਗਾ। ਚੰਦਰਮਾ 'ਤੇ ਮੌਜੂਦ ਖਣਿਜਾਂ ਬਾਰੇ ਜਾਣਕਾਰੀ ਇਕੱਤਰ ਕਰੇਗਾ। ਉਥੋਂ ਦੇ ਵਾਤਾਵਰਨ, ਪਾਣੀ ਦੀ ਮੌਜੂਦਗੀ, ਥਰਮੋ ਭੌਤਿਕੀ ਵਿਸ਼ੇਸ਼ਤਾਵਾਂ, ਚੰਦਰਮਾ ਦੀ ਪੈਦਾਇਸ਼ ਆਦਿ ਦਾ ਵੀ ਅਧਿਐਨ ਕਰੇਗਾ। ਇਸਰੋ ਦੇ ਮੁਖੀ ਕੇ ਸਿਵਨ ਨੇ ਕਿਹਾ ਕਿ ਚੰਦਰਮਾ 'ਤੇ ਲੈਂਡਰ ਦੇ ਉਤਰਣ ਦਾ ਪਲ 'ਖੌਫਨਾਕ' ਹੋਵੇਗਾ ਕਿਉਂਕਿ ਏਜੰਸੀ ਨੇ ਪਹਿਲਾਂ ਅਜਿਹਾ ਕਦੀ ਨਹੀਂ ਕੀਤਾ ਹੈ ਜਦਕਿ ਚੰਦਰਯਾਨ-1 ਮਿਸ਼ਨ 'ਚ ਯਾਨ ਨੂੰ ਹੇਠਲੇ ਪੰਧ 'ਚ ਲਿਜਾਣ ਦਾ ਕੰਮ ਪਹਿਲਾਂ ਵੀ ਸਫਲਤਾ ਨਾਲ ਕੀਤਾ ਗਿਆ ਸੀ।

ਇਸਰੋ ਦੇ ਸਾਬਕਾ ਚੇਅਰਮੈਨ ਜੀ ਮਾਧਵਨ ਨਾਇਰ ਨੇ ਕਿਹਾ ਹੈ ਕਿ ਚੰਦਰਮਾ 'ਤੇ ਚੰਦਰਯਾਨ-2 ਦੀ ਸਾਫਟ ਲੈਂਡਿੰਗ ਏਜੰਸੀ ਦੇ ਇਤਿਹਾਸ ਦਾ ਸਭ ਤੋਂ ਮੁਸ਼ਕਿਲ ਕੰਮ ਹੋਵੇਗਾ। ਹਾਲਾਂਕਿ, ਉਨ੍ਹਾਂ ਨੇ ਇਸ ਦੀ ਸਫਲਤਾ ਨੂੰ ਲੈ ਕੇ ਸੌ ਫ਼ੀਸਦੀ ਭਰੋਸਾ ਪ੍ਰਗਟਾਇਆ। ਚੰਦਰਯਾਨ-1 ਦੀ ਸਫਲਤਾ ਦੇ ਘਾੜੇ ਰਹੇ ਨਾਇਰ ਨੇ ਕਿਹਾ ਆਰਬਿਟਰ ਤੋਂ ਲੈਂਡਰ ਦੇ ਵੱਖ ਹੋਣ ਤੋਂ ਬਾਅਦ ਤੋਂ ਹੀ ਅਸਲ ਤੇ ਸਭ ਤੋਂ ਮੁਸ਼ਕਿਲ ਕੰਮ ਸ਼ੁਰੂ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੁਸ਼ਕਿਲ ਮੁਹਿੰਮ ਹੈ। ਉਨ੍ਹਾਂ ਨੂੰ ਨਹੀਂ ਲਗਦਾ ਕਿ ਇਸ ਤੋਂ ਪਹਿਲਾਂ ਕਿਸੇ ਦੇਸ਼ ਨੇ ਇਸ ਤਰ੍ਹਾਂ ਦਾ ਮੁਸ਼ਕਿਲ ਕੰਮ ਕੀਤਾ ਹੋਵੇਗਾ।

# ਸਾਖਰਤਾ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ

ਹਰ ਸਾਲ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਜੇਕਰ ਸਾਖਰਤਾ ਦਿਵਸ ਦਾ ਪਿਛੋਕੜ ਵੇਖੀਏ ਤਾਂ 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ। ਪਹਿਲੀ ਵਾਰ 8 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਸਾਖਰਤਾ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ। ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫੀਸਦੀ ਤੋਂ ਵੀ ਘੱਟ ਹੈ। ਵਿਸ਼ਵ ਪੱਧਰ ਤੇ ਦੇਖੀਏ ਤਾਂ ਦੁਨੀਆਂ ਵਿੱਚ ਕਰੀਬ ਚਾਰ ਅਰਬ ਲੋਕ ਸਾਖਰ ਹਨ ਅਤੇ 77.6 ਕਰੋੜ ਲੋਕ ਘੱਟੋ ਘੱਟ ਸਾਖਰਤਾ ਦਰ ਤੋਂ ਵੀ ਹੇਠਾਂ ਹਨ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। ਹਰ ਪੰਜ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਅਨਪੜ੍ਹ ਹੈ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ 100 ਫੀਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫੀਸਦੀ ਤੋਂ ਵੱਧ ਹੈ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫੀਸਦੀ ਹੈ ਪਰ ਸਾਡਾ ਦੇਸ਼ ਅਜੇ ਵੀ ਇਸਤੋਂ ਪਿੱਛੇ ਹੈ। ਸਾਡੇ ਦੇਸ਼ ਦੀ ਸਾਖਰਤਾ ਦਰ 74.4 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾ ਦੀ ਸਾਖਰਤਾ ਦਰ 82.1 ਫੀਸਦੀ ਅਤੇ ਮਹਿਲਾਵਾਂ ਦਾ ਸਾਖਰਤਾ ਦਰ 65.5 ਫੀਸਦੀ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿਸਤਾਨ ਦੀ 28.1 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ ਸਿਰਫ 12.6 ਫੀਸਦੀ ਹੈ। ਨੇਪਾਲ, ਪਾਕਿਸਤਾਨ ਵਰਗੇ ਸਾਡੇ ਗੁਆਂਢੀ ਦੇਸ਼ਾਂ ਵਿੱਚ ਹਾਲਤ ਸਾਡੇ ਨਾਲੋਂ ਵੀ ਖਰਾਬ ਹੈ ਪਰ ਵਿਸ਼ਵ ਵਿੱਚ ਚੀਨ ਵਰਗੇ ਦੇਸ਼ ਵੀ ਹਨ ਜਿਹਨਾਂ ਦੀ ਸਾਖਰਤਾ ਦਰ 93.3 ਫੀਸਦੀ ਹੈ। ਇਹ ਉਹ ਸੰਖਿਆ ਅਤੇ ਆਂਕੜੇ ਹਨ ਜੋ ਸਰਕਾਰੀ ਹਨ ਜੇਕਰ ਅਸੀਂ ਹਕੀਕਤ ਦੇਖੀਏ ਤਾਂ ਹਾਲਾਤ ਹੋਰ ਵੀ ਗੰਭੀਰ ਨਜ਼ਰ ਆਉਣਗੇ। ਘੱਟ ਰਹੀ ਸਾਖਰਤਾ ਦਰ ਨੂੰ ਸੁਧਾਰਨ ਅਤੇ ਇਸ ਖੇਤਰ ਵਿੱਚ ਵੱਧ ਕੰਮ ਕਰਨ ਦੇ ਲਈ ਹੀ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੇਸਕੋ) ਦੁਆਰਾ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਂਣਾ ਹੈ। ਭਾਰਤ ਇੱਕ ਉਭੱਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਦੇਸ਼ ਹੈ। ਅੱਜ ਅਸੀਂ ਆਪਣੀ ਤੁਲਨਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜ਼ਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਪ੍ਰਾਪਤ ਕਰਨਾ। ਪੜ੍ਹ-ਲਿਖਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਪ੍ਰਾਪਤ ਨਹੀਂ ਕਰ ਪਾਉਂਦੇ ਹਾਂ। ਸਾਡੇ ਦੇਸ਼ ਵਿਚ ਲੱਖਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਹਰ ਸਾਲ ਦੀ ਤਰਾਂ ਅੱਜ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਇਸ ਸਬੰਧੀ ਸਮਾਗਮ ਆਯੋਜਿਤ ਕੀਤੇ ਜਾਣਗੇ ਪਰ ਕੀ ਇਹ ਦਿਵਸ ਮਨਾਉਣ ਨਾਲ ਹੀ ਸਾਡੇ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਹੋ ਸਕਦੀ ਹੈ। ਅਸੀਂ

**ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ 100 ਫੀਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫੀਸਦੀ ਤੋਂ ਵੱਧ ਹੈ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫੀਸਦੀ ਹੈ ਪਰ ਸਾਡਾ ਦੇਸ਼ ਅਜੇ ਵੀ ਇਸਤੋਂ ਪਿੱਛੇ ਹੈ।**




ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫੀਸਦੀ ਹੈ। ਵਿਕਸਿਤ ਦੇਸ਼ਾਂ ਦੇ ਨਾਗਰਿਕਾਂ ਦੀ 100 ਫੀਸਦੀ ਸਾਖਰਤਾ ਦਰ ਕਾਰਨ ਹੀ ਉਥੋਂ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉਚਾ ਹੈ। ਸਾਡੇ ਦੇਸ਼ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਅਨਪੜ ਲੋਕ ਰਹਿੰਦੇ ਹਨ। ਮਹਿਲਾ ਸਾਖਰਤਾ ਦਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦਾ ਨੰਬਰ 135 ਵਿੱਚੋਂ 123ਵੇਂ ਸਥਾਨ ਤੇ ਹੈ। ਭਾਰਤ ਵਿੱਚ ਅਜੇ ਵੀ ਲੱਗਭੱਗ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ। ਭਾਰਤ ਵਿੱਚ ਅਜਾਦੀ ਵੇਲੇ ਔਸਤਨ ਸਾਖਰਤਾ ਦਰ 18 ਫਿਸਦੀ ਸੀ ਜੋਕਿ 2011ਵਿੱਚ ਵੱਧਕੇ 74.04 ਪਹੁੰਚੀ ਹੈ ਅਤੇ ਵਿਸਵ ਪੱਧਰ ਦੀ ਸਾਖਰਤਾ ਦਰ 84 ਫਿਸਦੀ ਤੋਂ ਅਜੇ ਵੀ ਘੱਟ ਹੈ। ਦੇਸ ਦੇ ਵੱਖ ਵੱਖ ਰਾਜਾਂ ਵਿਚ ਵੀ ਕਾਫੀ ਅੰਤਰ ਹੈ। ਕੇਰਲਾ ਵਿੱਚ ਸਾਖਰਤਾ ਦਰ ਸਭ ਤੋਂ ਵੱਧ 93.91 ਫਿਸਦੀ ਹੈ ਜਦਕਿ ਬਿਹਾਰ ਦੀ ਸਾਖਰਤਾ ਦਰ ਸਭ ਤੋਂ ਘੱਟ ਸਿਰਫ 63.82 ਫਿਸਦੀ ਹੈ। ਦੇਸ਼ ਦੇ 24 ਰਾਜਾਂ ਦੀ ਸਾਖਰਤਾ ਦਰ ਦੇਸ਼ ਦੀ ਔਸਤਨ ਦਰ ਤੋਂ ਵੱਧ ਹੈ ਜਦਕਿ 12 ਰਾਜਾਂ ਦੀ ਸਾਖਰਤਾ ਦਰ ਘੱਟ ਹੈ। ਪੰਜਾਬ ਨੂੰ ਖੁਸ਼ਹਾਲ ਸੂਬਾ ਕਿਹਾ ਜਾਂਦਾ ਹੈ ਪਰ ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 76.7 ਫੀਸਦੀ ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 81.5 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 71.3 ਫੀਸਦੀ ਹੈ। ਪੰਜਾਬ ਦੀ 23.3 ਫੀਸਦੀ ਜਨਸੰਖਿਆ ਭਾਵ 64,55,087 ਲੋਕ ਅਜੇ ਅਨਪੜ੍ਹ ਹਨ ਜਦਕਿ ਪੂਰੇ ਦੇਸ਼ ਦੀ ਸਾਖਰਤਾ ਦਰ 74 ਫੀਸਦੀ ਹੈ। ਪੰਜਾਬ ਦੇ 7 ਜ਼ਿਲ੍ਹਿਆ ਦੀ ਸਾਖਰਤਾ ਦਰ 60 ਫੀਸਦੀ ਤੋਂ 70 ਫੀਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫੀਸਦੀ ਹੈ, ਸਾਹਿਬਜਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫੀਸਦੀ ਹੈ, ਰੂਪਨਗਰ ਜ਼ਿਲ੍ਹੇ ਦੀ ਸਾਖਰਤਾ ਦਰ 83.3 ਫੀਸਦੀ ਹੈ, ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.5 ਫੀਸਦੀ ਹੈ, ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫੀਸਦੀ ਹੈ, ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫੀਸਦੀ ਹੈ, ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫੀਸਦੀ ਹੈ, ਅਮ੍ਰਿੰਤਸਰ ਜ਼ਿਲ੍ਹੇ ਦੀ ਸਾਖਤਰਾ ਦਰ 77.2 ਫੀਸਦੀ ਹੈ, ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫੀਸਦੀ ਹੈ, ਮੋਗਾ ਜ਼ਿਲ੍ਹੇ ਦੀ ਸਾਖਰਤਾ ਦਰ 71.6 ਫੀਸਦੀ ਹੈ, ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6 ਫੀਸਦੀ ਹੈ, ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.9 ਫੀਸਦੀ ਹੈ, ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫੀਸਦੀ ਹੈ, ਤਰਨਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫੀਸਦੀ ਹੈ, ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਮੁਕਤਸਰ ਸਾਹਿਬ ਦੀ ਸਾਖਰਤਾ ਦਰ ਸਿਰਫ 66.8 ਫੀਸਦੀ ਹੈ, ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ 62.8 ਫੀਸਦੀ ਹੈ। ਪੰਜਾਬ ਦੇ ਗੁਆਂਢੀ ਸੂਬਿਆਂ ਚੰਡੀਗੜ੍ਹ ਵਿੱਚ ਸਾਖਰਤਾ ਦਰ 86.43 ਫੀਸਦੀ, ਹਰਿਆਣਾ ਵਿੱਚ 76.64 ਫੀਸਦੀ, ਹਿਮਾਚਲ ਪ੍ਰਦੇਸ਼ ਵਿੱਚ 83.78 ਫੀਸਦੀ ਹੈ, ਜੰਮੂ ਅਤੇ ਕਸ਼ਮੀਰ ਵਿੱਚ 68.74 ਫੀਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ। ਸਿੱਖਿਆ ਬਜ਼ਟ ਵਿੱਚ ਹੋ ਰਹੀ ਕਟੋਤੀ ਕਾਰਨ ਸਿੱਖਿਆ ਦਾ ਢਾਂਚਾ ਲੜਖੜਾ ਰਿਹਾ ਹੈ। ਅੱਜ ਵੀ ਕਈ ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਫਰਨੀਚਰ ਨਹੀਂ ਹੈ। ਕਈ ਸਕੂਲ ਅੱਜ ਵੀ ਅਧਿਆਪਕਾਂ ਤੋਂ ਸੱਖਣੇ ਹਨ। ਕਈ ਸਕੂਲਾਂ ਵਿੱਚ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਕਈ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਪਰ ਫਿਰ ਵੀ ਉਨ੍ਹਾਂ ਦੀ ਜਗ੍ਹਾ ਤੇ ਨਵੀਆਂ ਸਕੂਲ ਦੀਆਂ ਇਮਾਰਤਾਂ ਨਹੀਂ ਬਣਾਈਆਂ ਜਾ ਰਹੀਆਂ ਹਨ। ਬੇਸ਼ੱਕ ਸਰਕਾਰ ਵਲੋਂ ਦੇਸ ਵਿੱਚ ਅਨਪੜਤਾ ਨੂੰ ਖਤਮ ਕਰਨ ਲਈ ਸਰਵ ਸਿਖਿਆ ਅਭਿਆਨ ਸ਼ੁਰੂ ਕੀਤਾ ਗਿਆ ਹੈ ਅਤੇ 6 ਤੋਂ 14 ਸਾਲ ਤੱਕ ਦੇ ਹਰ ਬੱਚੇ ਨੂੰ ਮੁਫਤ ਅਤੇ ਜਰੂਰੀ ਸਿਖਿਆ ਪ੍ਰਦਾਨ ਕਰਨ ਲਈ ਸਿਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਇਸਦਾ ਅਸਰ ਕਿੰਨਾ ਹੁੰਦਾ ਹੈ ਇਹ ਤਾਂ ਸਮਾਂ ਬੀਤਣ ਤੇ ਹੀ ਚਲੇਗਾ ਪਰ ਅਜੇ ਤੱਕ ਤਾਂ ਮੁਕੰਮਲ ਸਾਖਰਤਾ ਇੱਕ ਸੁਪਨਾ ਹੀ ਬਣਿਆ ਹੋਇਆ ਹੈ।

ਸਰਕਾਰ ਸਿੱਖਿਆ ਤੋਂ ਵੀ ਹੋਲੀ ਹੋਲੀ ਅਪਣੇ ਹੱਥ ਪਿੱਛੇ ਖਿੱਚ ਰਹੀ ਹੈ ਅਤੇ ਸਰਕਾਰੀ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਕਰ ਰਹੀ ਹੈ। ਅੱਜ ਜਰੂਰਤ ਹੈ ਕਿ ਮਿਆਰੀ ਸਿੱਖਿਆ ਦੇਣ ਲਈ ਢੁਕਵੇਂ ਕਦਮ ਚੁੱਕੇ ਜਾਣ ਜਿਸ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਤੇ ਲਾਗੂ ਕੀਤੀਆਂ ਜਾਣ। ਸਿੱਖਿਆ ਦੇ ਪਸਾਰ ਲਈ ਢੁਕਵਾਂ ਬਜ਼ਟ ਰੱਖਿਆ ਜਾਵੇ ਤੇ ਇਸ ਬਜ਼ਟ ਨੂੰ ਸਹੀ ਤਰੀਕੇ ਨਾਲ ਹੀ ਖਰਚਿਆ ਜਾਵੇ ਤਾਂ ਜੋ ਸਾਡੇ ਦੇਸ਼ ਦੀ ਸਾਖਰਤਾ ਦਰ ਵਿਕਸਿਤ ਦੇਸ਼ਾਂ ਦੇ ਨੇੜੇ ਪਹੁੰਚ ਸਕੇ ਅਤੇ ਅਸੀਂ ਸੱਚਮੁੱਚ ਵਿਕਸਿਤ ਦੇਸ਼ਾਂ ਦੀ ਲੜੀ ਵਿੱਚ ਸ਼ਾਮਿਲ ਹੋ ਸਕੀਏ।



ਕੁਲਦੀਪ ਚੰਦ
91-94175-63054

# ਪਹਿਲੀ ਅਧਿਆਪਕਾਂ ਕ੍ਰਾਂਤੀ ਜੋਤ ਦਾਦੀ ਮਾਂ ਸਵਿੱਤਰੀ ਬਾਈ ਫੂਲੇ

ਅਧਿਆਪਕ ਉਸ ਨੂੰ ਆਖਦੇ ਹਨ ਜੋ ਵਿਦਿਆਰਥੀਆਂ ਦੀ ਜਾਣਕਾਰੀ, ਯੋਗਤਾ ਜਾਂ ਕਦਰਾਂ-ਕੀਮਤਾਂ ਗ੍ਰਹਿਣ ਕਰਵਾਉਣ ਵਿੱਚ ਮਦਦ ਕਰਦਾ ਹੈ। ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਅਧਿਆਪਕਾਂ ਨੂੰ ਵਿਸ਼ੇਸ਼ ਸਨਮਾਨ ਦੇਣ ਲਈ ਅਧਿਆਪਕ ਦਿਵਸ ਦਾ ਪ੍ਰਬੰਧ ਹੁੰਦਾ ਹੈ। ਕੁੱਝ ਦੇਸ਼ਾਂ ਵਿੱਚ ਉਸ ਦਿਨ ਦੀ ਛੁੱਟੀ ਹੁੰਦੀ ਹੈ ਜਦੋਂ ਕਿ ਕੁੱਝ ਦੇਸ਼ ਇਸ ਦਿਨ ਨੂੰ ਕੰਮ-ਕਾਜ ਕਰਦੇ ਹੋਏ ਮਨਾਉਂਦੇ ਹਨ। ਭਾਰਤੀ ਫਲਸਫੇ ਅਨੁਸਾਰ ਗੁਰੂ ਦਾ ਦਰਜਾ ਦਿੱਤਾ ਜਾਂਦਾ ਹੈ ਸੋ ਇਸ ਲਈ ਸਾਨੂੰ ਸਭ ਨੂੰ ਅਧਿਆਪਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਹੀ ਅਧਿਆਪਕ ਦਿਵਸ ਮਨਾਉਣ ਦੀ ਅਸਲ ਭਾਵਨਾ ਸਾਕਾਰ ਹੋ ਸਕਦੀ ਹੈ। ਕਿਉਂਕਿ ਅਧਿਆਪਕ ਸਮਾਜ ਦੇ ਸਭ ਤੋਂ ਵਧ ਰੋਸ਼ਨ ਦਿਮਾਗ ਹੁੰਦੇ ਹਨ। ਅਨਪੜ੍ਹਤਾ ਕਾਰਨ ਬਹੁਤ ਸਾਰੀ ਸਮਾਜਿਕ ਸ਼ਕਤੀ ਦਿਸ਼ਾਹੀਣ ਹੁੰਦੀ ਹੈ ਅਤੇ ਉਸ ਸ਼ਕਤੀ ਨੂੰ ਗਿਆਨ ਪ੍ਰਦਾਨ ਕਰਕੇ ਦਿਸ਼ਾਬੱਧ ਬਨਾਉਣਾ ਅਧਿਆਪਕ ਦਾ ਪ੍ਰਮੁੱਖ ਕਾਰਜ ਹੈ। ਭਟਕਦੇ ਮਨ ਨੂੰ ਸ਼ਾਂਤ ਕਰਨ ਦਾ ਇਕਮਾਤਰ ਉਪਾਅ ਗਿਆਨ ਹੈ ਜੋ ਕਿ ਅਧਿਆਪਕ ਵਲੋਂ ਪ੍ਰਾਪਤ ਹੁੰਦਾ ਹੈ। ਭਾਰਤ/ ਪੰਜਾਬ ਵਿੱਚ ਵੀ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਭਾਰਤ ਵਿੱਚ ਰਹਿੰਦੇ ਹਰ ਵਿਅਕਤੀ ਨੂੰ ਸੱਚ ਤੋਂ ਜਾਣੂ ਹੋ ਚਾਹੀਦਾ ਹੈ ਭਾਰਤ ਵਿੱਚ ਵਿੱਦਿਆ ਦਾ ਪ੍ਰਚਾਰ ਪ੍ਰਸਾਰ ਕਿਸ ਨੇ ਕੀਤਾ, ਵਿੱਦਿਆ ਭਾਰਤ ਦੇ ਦਲਿਤ- ਪਿੱਛੜੇ ਸਮਾਜ ਭਾਵ (ਐੱਸ.ਸੀ, ਐੱਸ.ਟੀ, ਓ.ਬੀ.ਸੀ.) ਆਦਿ ਨੂੰ ਕਦੋਂ ਮਿਲਣੀ ਸ਼ੁਰੂ ਹੋਈ ਕਿਸ ਦੁਆਰਾ ਦਿੱਤੀ ਗਈ ਇਸ ਬਾਰੇ ਹਰ ਭਾਰਤੀ ਨੂੰ ਜਾਣਾਂ ਚਾਹੀਦਾ ਹੈ।

ਆਮ ਤੌਰ ਤੇ ਅਧਿਆਪਕ ਦਿਵਸ ਭਾਰਤ ਦੇ ਭੂਤਪੂਰਵ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਣਨ ਦਾ ਜਨਮ ਦਿਨ (5 ਸਤੰਬਰ) ਭਾਰਤ ਵਿੱਚ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਪਰ ਦੂਸਰੇ ਪਾਸੇ ਅਧਿਆਪਕ ਦਿਵਸ, ਵਿਸ਼ਵ ਅਧਿਆਪਕ ਦਿਵਸ ਤੋਂ ਵੱਖ ਹੁੰਦੇ ਹਨ, ਜੋ ਅਧਿਕਾਰਿਕ ਤੌਰ ਤੇ 5 ਅਕਤੂਬਰ ਨੂੰ ਸੰਸਾਰ ਭਰ ਵਿੱਚ ਮਨਾਇਆ ਜਾਂਦਾ ਹੈ। ਭਾਰਤ ਦੇ ਭੂਤਪੂਰਵ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਣਨ 1962 'ਚ ਜਦੋਂ ਉਹ ਭਾਰਤ ਦੇ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਦੇ ਕੁਝ ਵਿਦਿਆਰਥੀਆਂ ਸਮੇਤ ਦੋਸਤਾਂ ਨੇ ਉਨ੍ਹਾਂ ਦਾ ਜਨਮਦਿਨ ਮਨਾਉਣ ਦੀ ਇੱਛਾ ਜ਼ਾਹਰ ਕੀਤੀ ਪਰ ਡਾ. ਰਾਧਾਕ੍ਰਿਸ਼ਨ ਨੇ ਸੁਝਾਅ ਦਿੱਤਾ ਕਿ ਕਿਉਂ ਨਾ ਅਸੀਂ ਇਸ ਦਿਨ ਨੂੰ ਅਧਿਆਪਕਾਂ ਨੂੰ ਸਮਰਪਿਤ ਕਰੀਏ, ਜੋ ਕਿ ਉਨ੍ਹਾਂ ਦੇ ਅਧਿਆਪਨ ਕਿੱਤੇ ਲਈ ਪਿਆਰ ਦਾ ਸਬੂਤ ਹੈ। ਪਰ ਇੱਥੇ ਸੋਚਣ ਤੇ ਵਿਚਾਰਨ ਵਾਲੀ ਗੱਲ ਹੈ ਕਿ 05




ਸਤੰਬਰ ਹੀ ਕਿਉਂ 03 ਜਨਵਰੀ ਕਿਉਂ ਨਹੀਂ ਜਦੋਂ ਕਿ ਭਾਰਤ ਦੀ ਪਹਿਲੀ ਅਧਿਆਪਕਾ ਦਾਦੀ ਮਾਂ ਸਵਿੱਤਰੀ ਬਾਈ ਫੂਲੇ ਜਨਮ 03 ਜਨਵਰੀ 1831 ਨੂੰ ਮਹਾਂਰਾਸ਼ਟਰ ਦੇ ਨਏਗਾਓਂ ਵਿੱਚ ਹੋਇਆ। ਅਤੇ ਡਾ. ਸਰਵਪੱਲੀ ਰਾਧਾਕ੍ਰਿਸ਼ਣਨ (5 ਸਤੰਬਰ 1888 ਵਿੱਚ ਹੋਇਆ ਜੋਂ ਭਾਰਤ ਦੇ ਪਹਿਲੇ ਉਪ-ਰਾਸ਼ਟਰਪਤੀ (1952-1962) ਅਤੇ ਦੂਜੇ ਰਾਸ਼ਟਰਪਤੀ ਰਹੇ। ਉਪ-ਰਾਸ਼ਟਰਪਤੀ ਜੀ ਦਾ ਅਸੀਂ ਸਤਿਕਾਰ ਕਰਦੇ ਹਾਂ ਮੰਨਦੇ ਉਹਨਾਂ ਦੇ ਵੀ ਬਹੁਤ ਦੇਣ ਹੈ ਦੇਸ਼ ਪ੍ਰਤੀ ਪਰ ਦੂਸਰੀ ਤਰਫ਼ ਦਾਦੀ ਮਾਂ ਦੀ ਵੀ ਬਹੁਤ ਦੇਣ ਹੈ ਭਾਰਤ ਦੇਸ਼ ਪ੍ਰਤੀ, ਉਹਨਾਂ ਦੇ ਜਨਮ ਦਿਨ ਨੂੰ ਸਮਰਪਿਤ ਅਧਿਆਪਕ ਦਿਵਸ ਰੱਖ ਦਿੰਦੇ, ਕਿਉਂ ਬਹੁਜਨਾਂ ਨਾਲ ਇਹ ਅਨਿਆਏ ਕਿਉਂਕਿ ਦੇਸ਼ ਤੇ ਕਾਬਜ਼ ਹੋਏ ਸਰਮਾਏਦਾਰਾ ਹਾਕਮਾਂ ਵਿਦੇਸ਼ੀਆਂ ਹੈ ਦੇਸ਼ ਅੰਦਰ ਵਿਦੇਸ਼ੀਆਂ ਦਾ ਹੀ ਰਾਜ ਹੈ, ਜਿਸ ਵਰਗ ਦਾ ਦੇਸ਼ ਵਿੱਚ ਰਾਜ ਹੁੰਦਾ ਹੈ। ਉਹ ਆਪਣੇ ਮੁਤਾਬਕ ਆਪਣੀ ਪਾਵਰ (ਸ਼ਕਤੀ) ਨਾਲ ਇਤਿਹਾਸ ਬਣ ਲੈਂਦਾ ਹੈ ਜਾਂ ਫਿਰ ਦੂਸਰੇ ਤੋਂ ਲਿਖ ਵਾ ਲੈਂਦਾ ਹੈ, ਇਹ ਹੁੰਦੀ ਹੈ ਪਾਵਰ (ਸ਼ਕਤੀ) ਕਮਾਲ ਸ਼ਾਇਦ ਇਸ ਤੋਂ ਬਹੁਜਨ ਸਮਾਜ ਅਜੇ ਅਣਜਾਣ ਹੈ। ਬਹੁਜਨਾਂ ਨੂੰ ਆਪਣੀ ਤਖ਼ਤ ਨੂੰ ਪਛਾਣਨ (ਜਾਨਣ) ਦੀ ਲੋੜ ਹੈ, ਜਦੋਂ ਬਹੁਜਨਾਂ ਦਾ ਰਾਜ ਆਇਆ ਤੇ ਅਨੇਕਾਂ ਕਾਰਜ ਹੋਏ, ਇਤਿਹਾਸ ਗਵਾਹ ਹੈ।

ਇਸੇ ਕਾਰਨ ਅਜ਼ਾਦੀ ਤੋਂ ਬਾਅਦ ਕਾਬਜ ਹੋਏ ਸਰਮਾਏਦਾਰਾ ਹਾਕਮਾਂ ਨੇ ਸਾਵਿੱਤਰੀ ਬਾਈ ਨੂੰ ਭੁਲਾ ਦਿੱਤਾ, ਕਿਉਂਕਿ ਉਸ ਦੀਆਂ ਸਿੱਖਿਆਵਾਂ ਉਹਨਾਂ ਲਈ ਖਤਰਨਾਕ ਹਨ। ਮੌਜੂਦਾ ਹਾਕਮ ਨਾ ਤਾਂ ਦਲਿਤਾਂ ਤੇ ਔਰਤਾਂ ਨੂੰ ਬਰਾਬਰ ਦੇ ਹੱਕ ਦੇ ਸਕਦੇ ਹਨ, ਨਾ ਇੱਕ ਔਰਤ ਦਾ ਆਗੂ ਹੋਣਾ ਉਹਨਾਂ ਨੂੰ ਪਚ ਸਕਦਾ ਹੈ।

ਦਾਦੀ ਮਾਂ ਸਵਿੱਤਰੀ ਬਾਈ ਫੂਲੇ ਦੁਆਰਾ ਕੀਤੇ ਕਾਰਜ ਸਾਵਿੱਤਰੀ ਬਾਈ ਫੂਲੇ ਨੇ ਔਰਤਾਂ ਦੀ ਸਿੱਖਿਆ ਲਈ ਬਹੁਤ ਹੀ ਮਹੱਤਵਪੂਰਨ ਕੰਮ ਕੀਤੇ। 01 ਜਨਵਰੀ, 1848 ਨੂੰ ਪੂਨੇ ਵਿੱਚ ਉਹਨਾਂ ਪਹਿਲੇ ਮਹਿਲਾ (ਔਰਤਾਂ) ਲਈ ਅਤੇ 15 ਮਈ 1848 ਨੂੰ ਦਲਿਤ ਬੱਚਿਆਂ ਲਈ ਸਕੂਲ ਦੀ ਸਥਾਪਨਾ ਕੀਤੀ। ਬੇਸ਼ੱਕ ਦਾਦੀ ਮਾਂ ਤੇ ਗੰਦ ਸੁੱਟਦੇ, ਇੱਟਾਂ, ਪੱਥਰ ਮਾਰਦੇ, ਗੁੰਡੇ ਦਾਦੀ ਮਾਂ ਨੂੰ ਘੇਰਦੇ ਅਤੇ ਅਪਮਾਨਿਤ ਕਰਦੇ ਹਨ, ਦਾਦੀ ਮਾਂ ਲੋਕਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਮਕਸਦ ਲਈ ਸਮਰਪਿਤ ਹੋ ਕੇ ਜਿਉਂਦੀ ਰਹੀ। ਆਖਿਰ ਵਿੱਚ ਜੋਤੀਬਾ ਅਤੇ ਸਵਿੱਤਰੀ ਨੇ 20 ਸਕੂਲ ਪੂਨੇ ਅਤੇ ਇਸ ਪਾਸੇ ਦੇ ਪਿੰਡਾਂ ਵਿੱਚ ਖੋਲ੍ਹੇ। ਸਾਵਿੱਤਰੀ ਬਾਈ ਨੇ ਪ੍ਰਾਇਮਰੀ ਪੱਧਰ 'ਤੇ ਵਿਗਿਆਨਕ ਸਿੱਖਿਆ ਸ਼ਾਮਲ ਕਰਨ 'ਤੇ ਜੋਰ ਦਿੱਤਾ। ਮਹਾਰਾਸ਼ਟਰ ਦੀ ਸਰਕਾਰ ਵਲੋਂ ਦਾਦੀ ਮਾਂ ਸਵਿੱਤਰੀ ਬਾਈ ਫੂਲੇ ਦੀ ਯਾਦ ਵਿੱਚ ਹਰ ਸਾਲ ਸਮਾਜ-ਸੁਧਾਰ ਲਈ ਕੰਮ ਕਰਨ ਵਾਲੀ ਔਰਤ ਨੂੰ ਅਵਾਰਡ ਦਿੱਤਾ ਜਾਂਦਾ ਹੈ।

ਸੰਨ 1998 ਵਿੱਚ 10 ਮਾਰਚ ਨੂੰ ਉਨ੍ਹਾ ਦੀ ਯਾਦ ਵਿੱਚ ਡਾਕ-ਤਾਰ ਵਿਭਾਗ ਵਲੋਂ ਡਾਕ ਟਿਕਟ ਜਾਰੀ ਕੀਤਾ ਗਿਆ। ਸੰਨ 2015 ਵਿੱਚ ਉਨ੍ਹਾਂ ਦੇ ਸਨਮਾਨ ਹਿੱਤ 'ਪੂਨਾ ਯੂਨੀਵਰਸਿਟੀ' ਦਾ ਨਾਂ 'ਸਵਿੱਤੀ ਬਾਈ ਫੂਲੇ ਪੂਨਾ ਯੂਨੀਵਰਸਿਟੀ' ਰੱਖਿਆ ਗਿਆ। ਹੁਣੇ ਹੀ ਇਸੇ ਸਾਲ 3 ਜਨਵਰੀ ਨੂੰ ਗੂਗਲ ਦੁਆਰਾ ਉਹਨਾਂ ਦੇ 186ਵੇਂ ਜਨਮ ਦਿਨ ਤੇ ਸਨਮਾਨ ਹਿੱਤ ਗੂਗਲ ਡੂਡਲ ਜਾਰੀ ਕੀਤਾ ਜਿਸ ਵਿੱਚ ਸਵਿੱਤਰੀਬਾਈ ਨੂੰ ਆਪਣੇ ਪੱਲੂ ਹੇਠ ਔਰਤਾਂ ਨੂੰ ਆਪਣੀ ਬੁੱਕਲ ਵਿੱਚ ਲੈਂਦੇ ਦਿਖਾਇਆ ਗਿਆ ਹੈ। ਅਧਿਆਪਕ ਬੱਚੇ ਦੀ ਪੜ੍ਹਾਈ ਉੱਤੇ ਸਭ ਤੋਂ ਜ਼ਿਆਦਾ ਅਸਰ ਪਾਉਂਦੇ ਹਨ। ਵਿਲਿਅਮ ਏਅਰਜ਼ ਆਪਣੀ ਪੁਸਤਕ ਟੂ ਟੀਚਦ ਜਰਨੀ ਆਫ਼ ਏ ਟੀਚਰ ਵਿਚ ਇਸ ਗੱਲ ਦਾ ਜਵਾਬ ਦਿੰਦਾ ਹੈ, ਅਸਰਦਾਰ ਸਿੱਖਿਆ ਦੇਣ ਲਈ ਸਮਝਦਾਰ, ਕਦਰਦਾਨ ਅਤੇ ਮਿਹਨਤੀ ਟੀਚਰਾਂ ਦੀ ਜ਼ਰੂਰਤ ਹੈ।



ਇੰਜੀ. ਅਮਨਦੀਪ ਸਿੱਧ
91- 94-657-54037

# ਮਹਾਨ ਰਾਜਨੀਤੀ ਸ਼ਾਸਤਰੀ ਅਚਾਰੀਆਂ ਚਾਣਕੀਆ



ਹਰਦੀਪ ਸਿੰਘ ਚੁੰਬਰ
+91-94636-01616

ਚਾਣਕੀਆ ਨੂੰ ਭਾਰਤ ਵਿਚ ਮਹਾਨ ਵਿਚਾਰਕ ਅਤੇ ਰਾਜਦੂਤ ਮੰਨਿਆ ਜਾਂਦਾ ਹੈ। ਬਹੁਤ ਸਾਰੇ ਭਾਰਤੀ ਰਾਸ਼ਟਰ ਨੂੰ ਇਕ ਕਰਨ ਵਿਚ ਉਸ ਨੂੰ ਸਭ ਤੋਂ ਪਹਿਲੇ ਵਿਚਰਕ ਵਜੋ ਲੋਕ ਮੰਨਦੇ ਹਨ ਜਿਸ ਨੇ ਸਮੁੱਚੇ ਉਪ-ਮਹਾਂਦੀਪ ਵਿਚ ਇਕ ਸੰਯੁਕਤ ਭਾਰਤ ਦੀ ਕਲਪਨਾ ਕੀਤੀ ਸੀ। ਉਹਨਾਂ ਦੇ ਜਨਮ ਅਤੇ ਜਨਮ ਸਥਾਨ ਅਤੇ ਮੌਤ ਦੇ ਸਬੰਧ ਵਿਚ ਕੁੱਝ ਵੀ ਪੱਕੀ ਜਾਣਕਾਰੀ ਨਹੀਂ ਹੈ ਇਸ ਨੂੰ ਕੇਰਲਾ, ਬਿਹਾਰ, ਪੰਜਾਬ ਅਤੇ ਹੋਰ ਕਈ ਥਾਵਾਂ ਨਾਲ ਜੋੜਿਆ ਜਾਂਦਾ ਹੈ। ਇਸ ਦੀ ਜਾਣਕਾਰੀ ਬੋਧੀ ਸੰਸਕਰਨ ਦੇ ਮਹਾਵਮਸਾ ਅਤੇ ਇਸਦੀ ਟਿੱਪਣੀ ਵਾਮਸਥਬਕਾਸੀਨੀ (ਪਾਲੀ ਭਾਸ਼ਾ) ਵਿਚ ਸ੍ਰੀ ਲੰਕਾ ਤੋਂ ਅਤੇ ਜੈਨ ਵਰਣਨ ਦੇ ਗਰੰਥਾਂ ਰਾਹੀਂ ਹੇਮਚੰਦਰ ਦੁਆਰਾ ਲਿਖਤ ਪਰਿਸ਼ਿਸ਼ਆਪਰਾਵਨ ਪ੍ਰਣਾਲੀ ਮਿਲਦੀ ਹੈ। ਕਸ਼ਮੀਰੀ ਸੰਸਕਰਣ ਕਥਾਸਰਤੀਗਰਾ ਸੋਮੇਦੇਵ ਦੁਆਰਾ, ਬ੍ਰਹਿਸ-ਕਥਾ-ਮੰਜਰੀ ਕੇਮੇਂਦਰ ਅਤੇਮੁਦਰਾਖਸ਼ਸ ਸੰਸਕ੍ਰਿਤ ਦਾ ਇਤਿਹਾਸਿਕ ਨਾਟਕ ਹੈ, ਜਿਸਦੀ ਰਚਨਾ ਵਿਸਾਖਦੱਤ ਨੇ ਕੀਤੀ ਸੀ। ਇਸ ਨੂੰ ਚੌਥੀ ਸ਼ਤਾਬਦੀ ਵਿੱਚ ਲਿਖਿਆ ਸੀ। ਇਸ ਚਾਣਕੀਆ ਅਤੇ ਚੰਦ੍ਰਗੁਪਤ ਮੌਰੀਆ ਸੰਬੰਧੀ ਘਟਨਾਵਾਂ ਦਾ ਬੜੀ ਹੀ ਬਾਖੂਬੀ ਬਿਆਨ ਕੀਤਾ ਹੈ। ਚਾਣਕੀਆ ਦੀਆਂ ਸਿਆਸੀ ਸਫਲਤਾਵਾਂ ਦੀ ਵਧੀਆ ਵਿਸ਼ਲੇਸ਼ਣ ਮਿਲਦਾ ਹੈ। ਇਹਨਾ ਦਾ ਵੀ ਸਮੇ ਅਤੇ ਸਥਾਨ ਸਬੰਧੀ ਮੇਲ ਨਹੀਂ ਹੈ। ਚਾਣਕੀਆ ਨੂੰ ਰਵਾਇਤੀ ਤੌਰ 'ਤੇ ਕੌਟਲਿਆ ਜਾਂ ਵਿਸ਼ਨੂਗੁਪਤ ਵਜੋਂ ਵੀ ਜਾਣਿਆ ਜਾਂਦਾ ਹੈ ਉਹਨਾਂ ਦਾ ਬਚਪਨ ਦਾ ਨਾਂ ਮਾਛੀਆਵਿਲੀ ਸੀ। ਉਹਨਾਂ ਦਾ ਜਨਮ: 371 ਈਸਾ ਪੂਰਵ, ਭਾਰਤ ਵਿਚ ਹੋਇਆ ਅਤੇਮੌਤ ਨੂੰ 283 ਈਸਾ ਪੂਰਵ, ਪਾਟਲੀਪੁਤਰ ਵਿਚ ਮੰਨਿਆ ਗਿਆ ਹੈ।

ਮੌਰੀਆ ਕਾਲ ਦਾ ਇਤਿਹਾਸ ਉਪਲਭਦ ਨਾਂ ਹੋਣ ਬੜੀ ਅਜੀਬ ਗੱਲ ਹੈ। ਉਹ ਵੀ ਇਸ ਕਾਰਨ ਜਿਸ ਰਾਜ ਦਾ ਮੁੱਢ ਹੀ ਇਕ ਮਹਾਨ ਵਿਦਵਾਨ ਨੇ ਬੰਨਿਆ ਹੋਵੇ। ਹਰ ਰਾਜ ਅਤੇ ਰਾਜਾ ਦੇ ਕਾਲ਼ ਦਾ ਇਤਿਹਾਸ ਲਿਖਤ ਰੂਪ ਵਿਚ ਤਿਆਰ ਕਰਵਾਇਆ ਜਾਂਦਾ ਰਿਹਾ ਹੈ। ਬੋਧੀ ਸਮਰਾਟ ਬ੍ਰੈਦਰਥ ਮੌਰੀਆ ਦੇ ਬ੍ਰਾਹਮਣ ਸੈਨਾਪਤੀ ਪੁਸ਼ਪ ਮਿੱਤਰ ਸੁੰਘ ਨੇ ਇਕ ਸੈਨਿਕ ਪ੍ਰੈਡ ਦਾ ਨਰੀਖਣ ਕਰਦੇ ਸਮੇ ਮੌਰੀਆ ਸ਼ਾਸਨ ਦੇ 10ਵੇਂ ਰਾਜਾ ਬ੍ਰੈਦਰਥ ਮੌਰੀਆ ਨੂੰ ਮਾਰ ਸਿਘਾਸ਼ਨ ਉਤੇ ਕਬਜਾ ਕਰ ਲਿਆ ਸੀ। ਉਸ ਸਮੇ ਉਸ ਨੇ ਬੋਧੀਆਂ ਦੇ ਸਿਰਾਂ ਦੇ ਮੁੱਲ 100 ਪਣ ਰਖ ਦਿਤੇ ਸਨ। ਹਰ ਤਰਾਂ ਨਾਲ ਮੌਰੀਆ ਰਾਜ ਅਤੇ ਬੁੱਧ ਧਰਮ ਦਾ ਅੰਤ ਕੀਤਾ ਅਤੇ ਸਾਰੇ ਸਬੂਤ ਮਿਟਾਉਣ ਦੇ ਜਤਨ ਕੀਤੇ ਗਏ। ਸਾਰਾ ਇਤਿਹਾਸ ਅਤੇ ਹੋਰ ਧਰੋਹਰਾ ਜਲਾਕੇ ਰਾਖ ਕਰ ਦਿਤੇ ਸਨ। ਬੋਧੀ ਮੱਠਾਂ ਨੂੰ ਹਿੰਦੂ ਮੰਦਰ ਬਣਾ ਦਿਤਾ। ਭਾਰਤ ਦੇ ਦੱਖਣ ਵਿਚ ਸਥਿਤ ਵੱਡੇ ਮੰਦਰਾਂ ਦੇ ਬੋਧੀ ਮੱਠ ਹੋਣ ਦੀ ਪੁਸ਼ਟੀ ਭਾਰਤੀ ਪੁਰਾਤਤਵ ਵਿਭਾਗ ਨੇ ਵੀ ਕੀਤੀ ਹੈ।

### ਕੂਟਨੀਤੀਵਾਨ, ਰਾਜਸਿਲਪਕਾਰ ਅਤੇ ਮੰਡਲ ਸਿਧਾਂਤ ਉਤੇ ਜੋਰ


ਚਾਣਕੀਆ ਨੇ ਨਾ ਸਿਰਫ਼ ਰਾਜ ਦੇ ਅੰਦਰੂਨੀ ਕੰਮ ਕੀਤੇ, ਸਗੋਂ ਬਾਹਰੀ ਕੰਮ ਵੀ ਵਿਸਥਾਰ ਨਾਲ ਚਰਚਾ ਕੀਤੇ। ਇਸ ਸਬੰਧ ਵਿੱਚ ਉਹ ਵਿਦੇਸ਼ ਨੀਤੀ, ਅੰਤਰਰਾਸ਼ਟਰੀ ਸੰਬੰਧ ਅਤੇ ਜੰਗ ਅਤੇ ਸ਼ਾਂਤੀ ਦੇ ਨਿਯਮਾਂ ਬਾਰੇ ਵਿਵੇਚਨ ਕਰਨਾ ਬੰਣਦਾ ਹੈ। ਕੂਟਨੀਤੀ ਦੇ ਸੰਬੰਧ ਦੇ ਵਿਸ਼ਲੇਸ਼ਣ ਲਈ ਉਹਨਾਂ ਮੰਡਲ ਸਿਧਾਂਤ ਨੂੰ ਪ੍ਰੋਜੈਕਟ ਕੀਤਾ ਹੈ।

ਚਾਣਕੀਆ ਨੇ ਆਪਣੀ ਮੰਡਲ ਸਿਧਾਂਤ ਵਿੱਚ ਵੱਖ ਵੱਖ ਰਾਜਾਂ ਦੇ ਦੂਜੇ ਰਾਜਾਂ ਦੇ ਪ੍ਰਤੀ ਅਪਣਾਈ ਨੀਤੀ ਦਾ ਵਰਣਨ ਕੀਤਾ। ਪੁਰਾਣੇ ਸਮੇਂ ਵਿੱਚ ਭਾਰਤ ਵਿੱਚ ਕਈ ਛੋਟੇ-ਛੋਟੇ ਰਾਜਾਂ ਦੀ ਮੌਜੂਦਗੀ ਸੀ। ਸ਼ਕਤੀਸ਼ਾਲੀ ਰਾਜਾ ਜੰਗ ਦੁਆਰਾ ਆਪਣੇ ਸਾਮਰਾਜ ਦਾ ਪਸਾਰਾ ਕਰਨ ਲਈ ਰਾਜ ਕਈ ਵਾਰ ਸੁਰੱਖਿਆ ਦੇ ਦ੍ਰਿਸ਼ਟੀ ਤੋਂ ਦੂਜੇ ਰਾਜਾਂ ਦੇ ਸਮਝੌਤੇ ਵੀ ਕਰਦੇ ਹਨ। ਉਸ ਅਨੁਸਾਰ ਯੁੱਧ ਅਤੇ ਜਿੱਤ ਨਾਲ ਆਪਣੇ ਸਾਮਰਾਜ ਦੇ ਪਸਾਰ ਕਰਨ ਵਾਲੇ ਬਾਦਸ਼ਾਹ ਨੂੰ ਆਪਣੇ ਦੁਸ਼ਮਣਾਂ ਦੇ ਨਾਲੋਂ ਆਪਣੇ ਦੋਸਤਾਂ ਦੀ ਗਿਣਤੀ ਵਧਾਉਣ ਦੀ ਲੋੜ ਹੈ, ਤਾਂ ਕਿ ਦੁਸ਼ਮਣ ਉੱਤੇ ਕਾਬੂ ਪਾਇਆ ਜਾ ਸਕੇ।

ਦੂਜੀ ਥਾਂ ਤੇ ਕਮਜੋਰ ਰਾਜਾਂ ਨੂੰ ਸ਼ਕਤੀਸ਼ਾਲੀ ਨੇੜਲੇ ਰਾਜਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਉਹਨਾਂ ਨੂੰ ਬਰਾਬਰ ਪੱਧਰ ਵਾਲੇ ਰਾਜਾਂ ਦੇ ਨਾਲ ਮਿਲ ਕੇ ਸ਼ਕਤੀਸ਼ਾਲੀ ਰਾਜਾਂ ਦੇ ਵਿਸਥਾਰ-ਨੀਤੀ ਤੋਂ ਬਚਣ ਲਈ ਇੱਕ ਸਮੂਹ ਜਾਂ 'ਮੰਡਲ' ਬਣਾਉਣਾ ਚਾਹੀਦਾ ਹੈ। ਉਹ ਮੰਡਲ ਸਿਧਾਂਤ ਭੂਗੋਲਿਕ ਅਧਾਰ ਉਤੇ ਇਹ ਦਿਖਾਂਉਂਦੀ ਹੈ ਕਿ ਕਿਸ ਪ੍ਰਕਾਰ ਜਿੱਤ ਦੀ ਇੱਛਾ ਰਖਣ ਵਾਲੇ ਰਾਜ ਦੇ ਗਵਾਂਡੀ ਰਾਜ ਉਸ ਦੇ ਮਿੱਤਰ ਜਾਂ ਦੋਸਤ ਹੋ ਸਕਦੇ ਹਨ। ਇਸ ਸਿਧਾਂਤ ਦੇ ਅਨੁਸਾਰ ਮੰਡਲ ਦੇ ਕੇਂਦਰ ਵਿੱਚ ਇਕ ਅਜਿਹਾ ਰਾਜਾ ਹੁੰਦਾ ਹੈ। ਜੋ ਦੂਜੇ ਰਾਜਾਂ ਨੂੰ ਜਿੱਤਣਾ ਚਾਹੁੰਦਾ ਹੈ ਉਸਨੂੰ ਮੰਡਲ ਮੁਖੀ ''ਵਿਜੀਗੀਸ਼ੂ'' ਕਹਿੰਦੇ ਹਨ। ਮੰਡਲ ਮੁਖੀ ''ਵਿਜੀਗੀਸ਼ੂ'' ਦੇ ਮਾਰਗ 'ਚ ਆਉਣ ਵਾਲੇ ਸਭ ਤੋਂ ਪਹਿਲਾਂ ਰਾਜ ' 'ਅਰੀ''' 'ਦੁਸ਼ਮਣ ਦਾ ਦੁਸ਼ਮਣ' 'ਹੁੰਦਾ ਹੈ, ਉਹ ਵਿਜੀਗੀਸ਼ੂ ਦੇ ਦੋਸਤ ਹੁੰਦਾ ਹੈ। ਕੌਟਲਿਆ ਨੇ '' ਮੱਧਮਿਕ '' ਅਤੇ '' ਉਦਾਸੀਨ '' ਰਾਜਾਂ ਦੇ ਬਾਰੇ ਵੀ ਵਰਣਨ ਕੀਤਾ ਹੈ, ਜੋ ਸ਼ਕਤੀ ਹੋਣ ਦੇ ਬਾਵਜੂਦ ਵੀ ਰਣਨੀਤੀ ਵਿੱਚ ਹਿੱਸਾ ਨਹੀਂ ਲੈਂਦੇ। ਕੋਟਲਿਆ ਦਾ ਇਹ ਸਿਧਾਂਤ ਯਥਾਰਥਵਾਦ 'ਤੇ ਅਧਾਰਤ ਹੈ, ਜੋ ਅੰਤਰਰਾਸ਼ਟਰੀ ਸੰਬੰਧਾਂ ਦੀ ਹਕੀਕਤ ਮੰਨਕੇ ਸੰਧੀ ਅਤੇ ਸਮਝੌਤੇ ਦੁਆਰਾ ਸ਼ਕਤੀ ਸੰਤੁਲਨ ਬਣਾਕੇ ਰਖਣ ਨੂੰ ਬਲ ਦਿੰਦਾ ਹੈ।

### ਕੂਟਨੀਤੀ ਪ੍ਰਥਾਵਾਂ ਦੇ ਚਾਰ ਸਿਧਾਂਤ-

ਕੌਟਲਿਆ ਨੇ ਸੂਬਾਈ ਵਿਦੇਸ਼ੀ ਨੀਤੀ ਦੇ ਪ੍ਰਸੰਗ




ਵਿਚ ਕੂਟਨੀਤੀ ਦੇ ਚਾਰ ਅਸੂਲ ਸਾਮ (ਸਮਝਾਉ, ਬੁਝਾਉਣਾ), ਦਾਮ (ਧਨ ਦੇ ਕੇ ਸੰਤੁਸ਼ਟ ਕਰਨਾ), ਦੰਡ (ਸਜ਼ਾ, ਯੁੱਧ ਨਾਲ) ਅਤੇ ਭੇਦ (ਫੁੱਟ ਪਾ ਕੇ, ਵੰਡਕੇ) ਦਾ ਵਰਣਨ ਕੀਤਾ ਹੈ। ਕੌਟਲਿਆ ਅਨੁਸਾਰ, ਪਹਿਲੇ ਦੋ ਸਿਧਾਂਤ ਕਮਜ਼ੋਰ ਰਾਜਿਆਂ ਦੁਆਰਾ ਵਰਤੇ ਜਾਦੇ ਹਨ ਅਤੇ ਪਿਛਲੇ ਦੋ ਸਿਧਾਂਤਾਂ ਨੂੰ ਸ਼ਕਤੀਸ਼ਾਲੀ ਰਾਜਿਆਂ ਦੁਆਰਾ ਵਰਤਿਆ ਜਾਂਦਾ ਹੈ। ਪਰ ਉਹਨਾਂ ਦਾ ਇਹ ਵੀ ਮੱਤ ਹੈ ਕਿ ਸਾਮਦਾਮ ਨਾਲੋਂ, ਦਾਮ ਦੰਡ ਨਾਲੋਂ ਅਤੇ ਦੰਡ ਭੇਦ ਨਾਲੋ ਵੱਧ ਕਾਰਗਰ ਸਾਬਤ ਹੁੰਦੇ ਹਨ। ਦੰਡ (ਯੁੱਧ) ਨੂੰ ਆਖਰੀ ਸਹਾਰੇ ਦੇ ਤੌਰ ਤੇ ਵਰਤਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਆਪਣੇ ਆਪ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

### ਖੁਫੀਆ ਤੰਤਰ ਦਾ ਤਕੜਾ ਕਰਨਾ

ਕੌਟਲਿਆ ਨੇ ਵਿਸਥਾਰ ਵਿੱਚ ਜਾਸੂਸਾਂ ਦੀਆਂ ਕਿਸਮਾਂ ਅਤੇ ਕਾਰਜਾਂ ਨੂੰ ਸਮਝਾਇਆ। ਇੰਟੈਲੀਜੈਂਟ ਵਿਦਿਆਰਥੀ, ਤਪੱਸਵੀ, ਸਾਧੂ, ਵਪਾਰੀ ਅਤੇ ਵਿਸ਼ਕੰਨਿਆ ਦੇ ਰੂਪ ਵਿੱਚ ਹੋ ਸਕਦੇ ਸਨ। ਰਾਜਦੂਤ ਵੀ ਗੁਪਤਚਰਾਂ ਦੀ ਭੂਮਿਕਾ ਵੀ ਨਿਭਾਉਦੇ ਸਨ। ਉਨ੍ਹਾਂ ਦਾ ਕੰਮ ਦੇਸ਼ ਅਤੇ ਵਿਦੇਸ਼ੀ ਲੋਕਾਂ ਦੀ ਗੁਪਤ ਜਾਣਕਾਰੀ ਰਾਜੇ ਕੋਲ ਲਿਆਉਣਾ ਸੀ।ਉਹ ਜਨਮਤ ਦੀ ਸਥਿਤੀ ਦਾ ਮੁਲਾਂਕਣ ਕਰਨ ਲਈ, ਬਾਗ਼ੀਆਂ ਨੂੰ ਕੰਟਰੋਲ ਕਰਨ ਅਤੇ ਦੁਸ਼ਮਣ ਰਾਜ ਨੂੰ ਤਬਾਹ ਕਰਨ ਵਿੱਚ ਯੋਗਦਾਨ ਪਾਉਣ ਲਈ ਵਰਤਿਆ ਜਾਂਦਾ ਸੀ। ਕੌਟਲਿਆ ਨੇ ਜਾਸੂਸਾਂ ਨੂੰ ਧਨ ਅਤੇ ਸਨਮਾਨ ਦੇ ਕੇ ਸੰਤੁਸ਼ਟ ਕਰਨ ਸੰਤੁਸ਼ਟ ਕਰਨ ਦੀ ਸਲਾਹ ਦਿੱਤੀ ਹੈ।

### ਚਾਣਕੀਆਂ ਦੇ ਖਾਸ ਪ੍ਰਭਾਵੀ ਵਿਚਾਰ

ਲੋਕਾਂ ਦੇ ਜੀਵਨ ਦੇ ਮਹਾਨ ਵਿਅਕਤੀਆਂ ਦੇ ਵਿਚਾਰਾਂ ਦਾ ਬਹੁਤ ਪ੍ਰਭਾਵ ਹੁੰਦਾ ਹੈ। ਚਾਣਕੀਆ ਦੇ ਵਿਚਾਰਾਂ ਨੇ ਵੀ ਬਹੁਤ ਸਾਰੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਉੱਚਾ ਚੁੱਕਿਆ ਹੈ। ਚਾਣਕੀਆ ਦੀ ਕੂਟਨੀਤੀ ਅਤੇ ਇਸ ਦੇ ਸਿਧਾਂਤਾਂ ਬਾਰੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਗਈਆਂ ਹਨ। ਚਾਣਕੀਆ ਦੇ ਜੀਵਨ ਨੂੰ ਪੜਨ ਵਾਲਿਆਂ ਅਤੇ ਇਸ ਨੂੰ ਲਾਗੂ ਕਰਨ ਵਾਲਿਆਂ ਦਾ ਇਕ ਬਹੁਤ ਵੱਡਾ ਵਰਗ ਹੈ। ਉਹਨਾਂ ਦੇ ਵਿਚਾਰਾਂ ਨੂੰ ਅਣਮੋਲ ਕਿਹਾ ਜਾਂਦਾ ਹੈ। ਚਾਣਕੀਆ ਦੇ ਵਿਚਾਰ ਅਧਿਆਪਕਾਂ, ਸਿਆਸਤਦਾਨਾਂ ਅਤੇ ਵਪਾਰਕ ਲੋਕਾਂ ਦੀ ਕਾਫੀ ਪਸੰਦ ਹਨ।ਆਚਾਰੀਆ ਚਾਣਕੀਆ ਦੇ ਸ਼ਾਨਦਾਰ ਸ਼ਖਸੀਅਤ ਬਾਰੇ ਪੜ੍ਹਨ ਨਾਲ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ। ਕੌਟਲਿਆ ਦੇ ਵਿਚਾਰ ਅੱਜ ਵੀ ਪ੍ਰੇਰਣਾਦਾਇਕ ਹਨ।

### ਚਾਣਕੀਆ ਅਤੇ ਅਰਥਸ਼ਾਸਤਰੀ ਮੇਕਿਆਵਲੀ ਦੀ ਪ੍ਰੋੜਤਾ

ਨਿਕੋਲੋ ਮੈਕੀਆਵਲੀ 1469 ਵਿਚ ਜਨਮੇਂ ਇਟਲੀ ਦਾ ਰਾਜਨੀਤੀਕ ਅਤੇ ਰਾਜਨੀਤਿਕ ਸ਼ਾਸਤਰੀ, ਸੰਗੀਤਕਾਰ, ਕਵੀ ਅਤੇ ਨਾਟਕਕਾਰ ਇੱਕ ਪ੍ਰਮੁੱਖ ਵਿਅਕਤੀਗਤ ਸੀ। ਇਹ ਸੱਚ ਹੈ ਕਿ ਕੌਟਲਿਆ ਨੇ ਦੇਸ਼ ਦੀ ਰਾਖੀ ਲਈ ਗੁਪਤ ਪ੍ਰਕਿਰਿਆਵਾਂ ਦੇ ਇਕ ਵੱਡਾ ਸੰਗਠਨ ਦਾ ਵਰਣਨ ਕੀਤਾ ਹੈ। ਉਹਨਾਂ ਅਨੁਸਾਰ ਦੁਸ਼ਮਣ ਦੇ ਖਾਤਮੇ ਲਈ ਵਿਸ਼ਕੰਨਿਆਂ, ਗਣਿਕਾਂ, ਅਣਉਚਿੱਤ ਸਾਧਨਾਂ ਦਾ ਪ੍ਰਯੋਗ, ਮੰਤਰ, ਅਨੈਤਿਕ ਅਤੇ ਅਣਉਚਿਤ ਕਦਮ ਲੈਣ ਦਾ ਵਿਧਾਨ ਹੈ। ਉਦੇਸ਼ ਨੂੰ ਪ੍ਰਾਪਤ ਕਰਨ ਦੇ ਮੰਤਵ ਲਈ, ਜਾਇਜ ਨਾਜਾਇਜ ਧਨ ਦੀ ਵਰਤੋਂ ਨੂੰ ਵੀ ਰਾਸ਼ਟਰ-ਨੀਤੀ ਲਈ ਠੀਕ ਅਤੇ ਇਸ ਨੂੰ ਪ੍ਰਭਾਸ਼ਾਲੀ ਸਾਧਨ ਵਜੋਂ ਘੋਸ਼ਿਤ ਕਰਦੇਹਨ। ਕਈ ਆਧੁਨਿਕ ਪੱਛਮੀ ਵਿਦਵਾਨ ਵੀ ਭਾਰਤੀ ਪ੍ਰਾਚੀਨ ਸ਼ਾਸਤਰਾਂ ਦਾ ਗਿਆਨ ਰੱਖਦੇ ਹਨ, ਉਪਰੋਕਤ ਅਨੈਤਿਕ ਵਿਵਸਥਾਵਾਂ ਨੂੰ ਦੇਖਦੇ ਹੋਏ, ਕੌਟਲਿਆ ਦੀ ਮਸ਼ਹੂਰ ਲੇਖਕ ਅਤੇ ਸਿਆਸਤਦਾਨ ਮੇਕਿਆਵਲੀ ਨਾਲ ਤੁਲਨਾ ਕਰਦੇ ਹਨ। ਉਸ ਨੇ ਆਪਣੀ ਪੁਸਤਕ 'ਦ ਪ੍ਰਿੰਸ' ਵਿਚ ਲਕਸ਼ ਪ੍ਰਾਪਤ ਕਰਨ ਲਈ ਰਾਜਾ ਨੂੰ ਸਾਰੇ ਅਨੁਉਚਿਤ ਸਾਧਨ ਦੀ ਵਰਤੋ ਕਰਨ ਦੀ ਸਿੱਖਿਆ ਦਿਤੀ ਹੈ। ਮਾਰੀਜ਼ ਵਿੰਟਰਨੇਟਜ ਆਸਟ੍ਰੀਆ ਦੇ ਮਸ਼ਹੂਰ ਪੁਰਾਤਨ ਇਤਿਹਾਸ ਜਾਣਕਾਰਸਨ ਉਨ੍ਹਾਂ ਨੇ ਆਕਸਫੋਰਡ ਯੂਨੀਵਰਸਿਟੀ ਵਿਚ ਮੈਕਸਮੁੱਲਰ ਨਾਲ ਮਿਲ ਕੇ ਭਾਰਤ ਦੀ ਸਿੱਖਿਆ ਨਾਲ ਸੰਬੰਧਤ ਕੰਮ ਸ਼ੁਰੂ ਕੀਤਾ। 1908 ਤੋਂ 1922 ਵਿਚਕਾਰ ਉਹ 'ਗੈਸਚਿਚਟੇ ਡੇਰ ਇੰਡੀਸਚਿਨ ਲਿਟਰੇਚਰ` ('Geschichte der indischen Literatur`) ਨਾਮਕ ਸੰਸਕ੍ਰਿਤ ਸਾਹਿਤ ਦਾ ਇਤਿਹਾਸ ਲਿਖਿਆ ਹੈ। ਉਸ ਦੇ ਯੋਗਦਾਨ ਨਾਲ ਹੀ ਆਧੁਨਿਕ ਯੁਗ ਵਿੱਚ ਹਿੰਦੂ, ਬੌਧੀ ਅਤੇ ਜੈਨ ਧਰਮ ਨਾਲ ਸਬੰਧਿਤ ਅਧਿਐਨ ਦੇ ਖੇਤਰ ਵਿੱਚ ਕ੍ਰਾਂਤੀ ਆ ਗਏ।

ਮਹਾਨ ਵਿੰਟਰਨੇਟਜ ਨੇ ਕੋਟਲਿਆ ਅਤੇ ਮੇਕੀਆਵਲੀ ਵਿਚਲੀ ਸਮਾਨਤਾਵਾਂ ਦਰਸਾਉਂਦੇ ਹਨ:

(ੳ) ਮੇਕਿਆਵਲੀ ਅਤੇ ਕੌਟਲਿਆ ਦੋਵੇਂ ਰਾਸ਼ਟਰ ਨੂੰ ਹੀ ਸਭਕੁੱਝ ਸਮਝਦੇ ਹਨ। ਉਹ ਰਾਸ਼ਟਰ ਨੂੰ ਹੀ ਆਪਣੇ ਵਿਚ ਉਦੇਸ਼ ਮੰਨਦੇ ਹਨ।

(ਅ) ਕੌਟਲਿਆ ਨੀਤੀ ਦਾ ਮੁੱਖ ਥੰਮ੍ਹ 'ਸਵੈ ਉਥਾਨ: ਪਰਾਏਗਿਲਾਨੀ;' ਦਾ ਭਾਵ ਹੈ ਕਿ ਦੂਜਿਆਂ ਦੇ ਨੁਕਸਾਨ ਅਦਾਰ ਉਤੇ ਆਪਣੇ ਆਪ ਨੂੰ ਉੱਚਾ ਕਰਨਾ। ਮੇਕੀਆਵਲੀ ਨੇ ਵੀ ਹੋਰ ਮੁਲਕਾਂ ਦੇ ਨੁਕਸਾਨ 'ਤੇ ਆਪਣੇ ਦੇਸ਼ ਦੇ ਉਥਾਨ ਦਾ ਸਮਰਥਨ ਕੀਤਾ ਹੈ। ਦੋਵੇਂ ਇੱਕੋ ਪੱਧਰ 'ਤੇ ਸਹਿਮਤ ਹਨ ਕਿ ਇਸ ਉਦੇਸ਼ ਦੀ ਪੂਰਤੀ ਲਈ ਜਿੰਨੇ ਵੀ ਧਨ ਅਤੇ ਜਨ ਦੀ ਲੋੜ ਹੋਵੇ, ਨੂੰ ਖਰਚ ਕਰ ਦੁਸ਼ਮਣ ਨੂੰ ਤਬਾਹ ਕਰ ਦੇਣਾ ਚਾਹੀਦਾ ਹੈ।

(ੲ) ਆਪਣੇ ਮਕਸਦ ਦੀ ਪੂਰਤੀ ਲਈ, ਕਿਸੇ ਵੀ ਢੰਗ ਨਾਲ, ਨੈਤਿਕ ਜਾਂ ਅਨੈਤਿਕ ਸਾਧਨ ਦੀ ਵਰਤੋਂ ਕਰਨ ਲਈ ਨਾਜਾਇਜ ਨਹੀਂ ਹੈ। ਮੈਕਿਆਵਲੀ ਅਤੇ ਕੌਟਲਿਆ ਦੋਵਾਂ ਦਾ ਮੰਨਣਾ ਹੈ ਕਿ ਰਾਜਾ ਦਾ ਇੱਕੋ ਟੀਚਾ ਆਪਣੇ ਮਕਸ਼ਦ ਨੂੰ ਪੂਰਾ ਕਰਨਾ ਹੋਣਾ ਚਾਹੀਦਾ ਹੈ। ਉਸ ਨੂੰ ਸਾਧਨਾਂ ਦੇ ਉਚਿਤ ਜਾਂ ਅਣਉਚਿਤ ਤਰਕ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ।

(ਸ) ਦੋਵੇਂ ਜੰਗ ਨੂੰ ਦੇਸ਼ ਦੀ ਨੀਤੀ ਦਾ ਜ਼ਰੂਰੀ ਹਿੱਸਾ ਮੰਨਦੇ ਹਨ। ਦੋਨਾਂ ਦੀ ਰਾਏ ਵਿੱਚ, ਹਰੇਕ ਰਾਸ਼ਟਰ ਨੂੰ ਯੁੱਧ ਲਈ ਤਿਆਰ ਰਹਿਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਦੇਸ਼ ਦੀਆਂ ਸੀਮਾਵਾਂ ਅਤੇ ਪ੍ਰਭਾਵਾਂ ਨੂੰ ਵਧਾ ਕੀਤਾ ਜਾ ਸਕਦਾ ਹੈ।

(ਹ) ਆਪਣੀ ਜੰਤਾ ਵਿਚ ਦਹਿਸ਼ਤ ਪੈਦਾ ਕਰਕੇ ਦ੍ਰਿੜਤਾ ਅਤੇ ਬੇਰਹਿਮੀ ਨਾਲ ਉਸ ਉਤੇ ਰਾਜ ਕਰਨ ਦਾ, ਦੋਵੇਂ ਇੱਕ ਸਮਾਨ ਵਿਚਾਰ ਰਖਦੇ ਹਨ। ਦੋਵੇਂ ਇਕ ਬਹੁਤ ਹੀ ਸੰਗਠਿਤ ਖੁਫੀਆ ਵਿਭਾਗ ਦੀ ਸਥਾਪਨਾ ਦਾ ਸਮਰਥਨ ਕਰਦੇ ਹਨ, ਜੋ ਜਨਤਾ ਦੇ ਹਰ ਪਾਸਿਓਂ ਦਾਖਲ ਹੁੰਦੇ ਹੋਏ ਅਤੇ ਰਾਜੇ ਪ੍ਰਤੀ ਆਪਣੀ ਸ਼ਰਧਾ ਦੀ ਜਾਂਚ ਕਰਦੇ ਰਹਿਣ ਅਤੇ ਦੁਸ਼ਮਣ ਨਾਲ ਸਾਹਨਭੂਤੀ ਰਖਣ ਲੋਕਾਂ ਦੇ ਗੁਪਤ ਉਪਾਵਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਦੇ ਰਹਿਣ।

ਕੋਟਿਲਿਆ ਅਤੇ ਮੈਕਿਆਵਲੀ ਵਿਚ ਅਜਿਹੀ ਸਮਾਨਤਾ ਦਿਖਾਉਣ ਲਈ ਤਰਕਸ਼ੀਲਤਾ ਨਹੀਂ ਹੈ। ਬਿਨਾਂ ਸ਼ੱਕ ਕੋਟਲਿਆ ਮੇਕੀਆਵਲੀ ਵਾਂਗ ਵੀ ਯਥਾਰਥਵਾਦੀ ਸੀ ਅਤੇ ਉਹ ਇਕੱਲਾ ਹੀ ਆਦਰਸ਼ਵਾਦ ਦਾ ਅਨੁਸਰ ਨਹੀਂ ਸੀ। ਪਰ ਇਹ ਕਹਿਣ ਲਈ ਕਿ ਕੋਟਲਿਆ ਨੇ ਧਰਮ ਜਾਂ ਨੈਤਿਕਤਾ ਨੂੰ ਪੂਰੀ ਤਰਾਂ ਰੱਦ ਕਰ ਦਿੱਤਾ ਹੈ, ਇਹ ਸੱਚਾਈ ਦੇ ਉਲਟ ਹੋਵੇਗਾ। ਕੌਟਲਿਆ ਨੇ 'ਅਰਥਸ਼ਾਸਤਰ' ਦੇ ਪਹਿਲੇ ਅਧਿਕਰਣ ਵਿਚ ਹੀ ਸਥਾਪਿਤ ਕੀਤਾ ਹੈ; ਇਸ ਪਹਿਲੇ ਅਧਿਕਰਣ ਵਿੱਚ, ਰਾਜਾ ਨੂੰ ਅਮਰਿਆਦਾਵਾਂ ਨੂੰ ਬੇਅੰਤ ਸੰਗਠਿਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ ਸਮਾਜਿਕ ਵੰਡ ਅਤੇ ਆਸ਼ਰਮ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਹੁਕਮ ਦਿੱਤਾ ਗਿਆ ਹੈ। ਇੱਥੇ ਤ੍ਰਿਆ ਅਤੇ ਵੈਦਿਕ ਰੀਤੀ ਰਿਵਾਜ ਲੋਕਾਂ ਦੀ ਸੁਰੱਖਿਆ ਦੇ ਮੁੱਢਲੇ ਆਧਾਰ ਨੂੰ ਦਿੱਤੇ ਗਏ ਹਨ। ਕੌਟਲਿਆ ਨੇ ਕਿਹਾ ਹੈ ਕਿ ਬਾਦਸ਼ਾਹ ਨੂੰ ਥਾਂ ਥਾਂ 'ਤੇ, ਬਿਰਧ ਨਾਲ ਸੰਗਤ ਕਰਨ ਵਾਲਾ, ਸਿੱਖਿਆ ਭਰਭੂਰ ਬਨਿਮਰ, ਜੋਸ਼ੀਲੇ ਅਤੇ ਕਾਮ ਕਰੋਧ ਅਤੇ ਦੁਸ਼ਮਣ ਦਾ ਦਮਨਕਾਰੀ ਦਸਿਆ ਹੈ। ਅਜਿਹਾ ਰਾਜਾ ਗ਼ੈਰ-ਧਾਰਮਿਕ ਜਾਂ ਜ਼ਾਲਮ ਹੋ ਕੇ ਜੰਤਾ ਨੂੰ ਕਿਵੇਂ ਦੁੱਖੀ ਕਰ ਸਕਦਾ ਹੈ? ਇਸ ਦੇ ਉਲਟ, ਬਾਦਸ਼ਾਹ ਨੂੰ ਲੋਕਾਂ ਲਈ ਇੱਕ ਪਿਤਾ ਕਿਹਾ ਜਾਂਦਾ ਹੈ, ਜੋ ਆਪਣੇ ਬੱਚਿਆਂ ਦੀ ਪਾਲਣਾ ਪੋਸਣਾ, ਸਿੱਖਿਆ, ਸਿਹਤ ਅਤੇ ਸੁਰੱਖਿਆ ਦਾ ਪ੍ਰਬੰਧ ਕਰਦਾ ਹੈ। ਇਹ ਠੀਕ ਹੈ ਕਿ ਕੌਟਲਿਆ ਨੇ ਦੁਸ਼ਮਣ ਨਾਸ਼ ਲਈ ਅਨੈਤਿਕਤਾ ਦੀ ਵਰਤੋਂ ਕਰਨ ਦਾ ਪ੍ਰਚਾਰ ਕੀਤਾ ਹੈ। ਪਰ ਇਸ ਸਬੰਧ ਵਿਚ ਅਰਥ ਸ਼ਾਸਤਰ ਵਿਚ ਲਿਖੇ ਨਿਮਰਤਾ ਵਾਲੇ ਸ਼ਬਦ ਭੁਲਾ ਨਹੀਂ ਸਕਦੇ।

ਕੌਟਲਿਆ ਦੀ ਅਤੀ ਆਧੁਨਿਕ ਨੀਤੀ ਅਤੇ ਵਿਚਾਰਾਂ ਨੇ ਭਾਰਤੀ ਦੀ ਸਿਆਸੀ ਜਮੀਨ ਉਤੇ ਲਈ ਮਹੱਤਵਪੂਰਨ ਰੋਲ ਨਿਭਾਏ ਹਨ। ਉਸਨੇ ਸਿਆਸੀ ਵਿਗਿਆਨ ਨੂੰ ਰੁਤਬੇ ਤੋਂ ਆਜ਼ਾਦ ਕੀਤਾ ਹੈ ਤਾਂ ਕਿ ਉਹ ਧਾਰਮਿਕਤਾ ਵੱਲ ਵਧੇਰੇ ਝੁਕੇ ਰਹਿਣ।

ਹਾਲਾਂਕਿ ਉਹ ਧਰਮ ਅਤੇ ਨੈਤਿਕਤਾ ਦਾ ਵਿਰੋਧ ਨਹੀਂ ਕਰਦਾ, ਪਰ ਉਸਨੇ ਰਾਜਨੀਤੀ ਨੂੰ ਆਮ ਨੈਤਿਕਤਾ ਦੇ ਬੰਧਨ ਤੋਂ ਮੁਕਤ ਰੱਖਿਆ ਹੈ। ਇਸ ਦ੍ਰਿਸ਼ਟੀਕੋਣ ਵਿਚ, ਉਸ ਦੇ ਵਿਚਾਰ ਯੂਰਪੀ ਦਾਰਸ਼ਨਿਕ ਮੇਕਿਆਵਲੀ ਦੇ ਵਿਚਾਰਾਂ ਦੇ ਨਾਲ ਬਹੁਤ ਨਾੜੇ ਹਨ ਅਤੇ ਦੋਨੋ ਇਕੋ ਥਾਂ ਖੜੇ ਜਾਪਦੇ ਹਨ।

ਚਾਣਕੀਆਂ ਦਾ ਰਾਸ਼ਟਰ ਨਿਰਮਾਣ ਸ਼ਕਤੀ ਕੇਂਦਰਤ ਹੈ। ਉਹ ਨੀਤੀ ਦਾ ਸ਼ਕਤੀ ਨਾਲ ਮੇਲ ਕਰਦੇ ਹਨ। ਰਾਜਨੀਤਿਕ ਸ਼ਕਤੀ ਨੂੰ ਨੈਤਿਕਤਾ, ਅਨੈਤਿਕਤਾ ਦੇ ਵਿਵਾਦ ਤੋਂ ਮੁਕਤ ਰਖਦੇ ਹਨ।ਰਾਜ ਸ਼ਕਤੀ ਨੂੰ ਧਾਰਮਿਕ, ਸਮਾਜਿਕ ਅਤੇ ਆਰਥਿਕ ਦਾ ਕਾਰਕ ਅਤੇ ਸੰਚਾਲਕ ਬਨਾਉਂਦੇ ਹਨ।

ਚਾਣਕੀਆ ਦਾ ਰਾਸ਼ਟਰ ਨਿਰਮਾਣ ਰਾਜਾਸ਼ਾਹੀ ਮੁਖੀ ਹੈ ਜਿਸ ਵਿਚ ਇਕ ਬਾਦਸ਼ਾਹ ਦੁਆਰਾ ਸ਼ਾਸਨ ਕੀਤਾ ਜਾਂਦਾ ਹੈ, ਰਾਜਸ਼ਾਹੀ ਪ੍ਰਣਾਲੀ ਜਾਂ ਸਰਕਾਰ ਦਾ ਰੂਪ ਵਿਚ। ਇਕ ਬਾਦਸ਼ਾਹ, ਜਿਵੇਂ ਕਿ ਰਾਜੇ ਜਾਂ ਰਾਣੀ, ਇਕ ਰਾਜ ਜਾਂ ਸਾਮਰਾਜ ਤੇ ਨਿਯੰਤ੍ਰਣ ਕਰਦਾ ਹੈ। ਇਸ ਦਾ ਸੰਵਿਧਾਨ ਰਾਜਤੰਤਰ ਵਿੱਚ, ਬਾਦਸ਼ਾਹ ਦੀ ਸ਼ਕਤੀਇੱਕ ਸੰਵਿਧਾਨ ਨੂੰ ਸੀਮਿਤ ਕਰਦੀ ਹੈ। ਇਸ ਰਾਜਤੰਤਰ ਵਿਚ ਬਾਦਸ਼ਾਹ ਕੋਲ ਬੇਅੰਤ ਸ਼ਕਤੀਆਂ ਪ੍ਰਦਾਨ ਕਰਦੀ ਹੈ।

ਕੋਟਲਿਆ ਰਾਜ ਨੂੰ ਹਾਸਲ ਕਰਨ ਦੇ ਨਾਲ ਰਾਜ ਦੇ ਉਦੇਸ਼ਾਂ ਨੂੰ ਮਹੱਤਤਾ ਦਿੰਦੇ ਹਨ। ਯਥਾਰਥਵਾਦੀ ਹੋਣ ਦੇ ਤੌਰ ਤੇ, ਕੌਟਲਿਆ ਨੇ ਰਾਜ ਦੇ ਅਮਲੀ ਪੱਖ 'ਤੇ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਹੈ। ਕੌਟਲਿਆ ਦੀ ਰਾਜਨੀਤੀ ਸਰਵਹਿਤਕਾਰੀ ਹੈ, ਇਹ ਜਨਤਕ ਹਿੱਤਾਂ ਪ੍ਰਤੀ ਉਦਾਸੀਨ ਨਹੀਂ ਹੈ।

## Balbir Rattu Passed Away

Rashpal Rattu's brother, Balbir Rattu passed away on Thursday night. His funeral service will be held on Wednesday 9/4/19 at 10:00 AM in Pittsburg Funeral Chapel, 2295 Railroad Ave, Pittsburg.

Cremation services will be at Oakview Memorial Park 2500 E. 18th St., Antioch, Ca 94509 at 1:00 PM.

After the cremation, final Ardas and Guru ka Langar will be at:

Sri Guru Ravidass Temple,
2150 Crestview Drive, Pittsburg, CA 94565

May god bless his soul and give courage to the family to bear this unfortunate loss.



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਆਓ ਜਾਣੀਏ "ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ" ਬਾਰੇ



ਪ੍ਰਮੋਦ ਧੀਰ ਜੈਤੋ
91-98550-31081

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ 'ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ 'ਤੇ ਕਬਜਾ ਰਿਹਾ। ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ 'ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਸੰਨ 1827 ਵਿੱਚ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜਾ ਹੋ ਗਿਆ। ਜੋ ਮੁਗ਼ਲ ਸ਼ਹਿਨਸ਼ਾਹ ਅਕਬਰ ਦੇ ਸਭ ਤੋਂ ਖਾਸ ਸਾਥੀਆਂ ਵਿੱਚੋਂ ਮੰਨੇ ਜਾਂਦੇ ਸਨ। 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ 'ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜਾ ਰਿਹਾ।

1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਦੂਜਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜ਼ੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਸਨ।

ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ 'ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਅੱਜ ਕੱਲ ਇਹੀ ਟਰੱਸਟ ਫ਼ਰੀਦਕੋਟ ਰਿਆਸਤ ਦੀ ਵਿਰਾਸਤ ਨੂੰ ਸਾਂਭ ਰਿਹਾ ਹੈ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਉਹਨਾਂ ਦੀਆਂ ਤਿੰਨ ਬੇਟੀਆਂ ਅਤੇ ਇੱਕ ਬੇਟਾ ਸਨ। ਇਨ੍ਹਾਂ ਦੇ ਪੁੱਤਰ ਪਿੰਸ ਹਰਮੋਹਿੰਦਰ ਸਿੰਘ ਦਾ ਦੇਹਾਂਤ 1981 ਵਿੱਚ ਹੀ ਹੋ ਗਿਆ ਸੀ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ 'ਤੇ ਮਨਾਹੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਸ਼ਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ਼੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੇ "ਰਿਆਸਤ ਫ਼ਰੀਦਕੋਟ" ਇਤਿਹਾਸ ਅਤੇ ਇਤਿਹਾਸਕ ਇਮਾਰਤਾਂ ਬਾਰੇ ਕਿਤਾਬ ਲਿਖੀ ਹੈ ਜੋ ਕਿ ਪਿਛਲੇ ਸਾਲ 2018 ਵਿੱਚ ਪੀਪਲਜ਼ ਫੋਰਮ ਬਰਗਾੜੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ , ਪੀਪਲਜ਼ ਫੋਰਮ ਤੋਂ ਇਹ ਕਿਤਾਬ ਵੀ.ਪੀ.ਪੀ ਰਾਹੀਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਕਿਤਾਬ ਦੇ ਛਪਣ ਨਾਲ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆਂ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲ੍ਹਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ।

**ਵਿਰਾਸਤੀ ਰੁੱਖਾਂ ਦੀ ਬਲੀ:-** ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ 90 ਸਾਲ ਬਜ਼ੁਰਗ ਵਕੀਲ ਦੇਵ ਕੁਮਾਰ ਬੇਦੀ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸ਼ਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ, ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਸ਼ਾਸ਼ਕ ਸਨ।

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ। ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ । ਫਿਰ ਨਵੰਬਰ 1995 ਵਿੱਚ ਫਰੀਦਕੋਟ ਜ਼ਿਲੇ ਵਿਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ ਜਿਸ ਕਾਰਣ ਫਰੀਦਕੋਟ ਜ਼ਿਲੇ ਦਾ ਖੇਤਰ ਕਾਫੀ ਘਟ ਗਿਆ। ਇਸਦਾ ਕੁੱਲ ਖੇਤਰਫਲ 1475.70 ਵਰਗ ਕਿਲੋਮੀਟਰ ਹੈ। ਇਸ ਜ਼ਿਲੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਦੇ ਕੁੱਲ 181 ਪਿੰਡ ਅਤੇ 3 ਨਗਰ ਕੌਂਸਲਾਂ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ। ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਸ਼ੋ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲਾ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿੱਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ।













# ਸੰਤਾਂ ਮਹਾਪੁਰਸ਼ਾਂ ਦੇ ਸੱਦੇ ਤੇ ਬਹੁਜਨ ਫਰੰਟ ਵਲੋਂ ਤਹਿਸੀਲ ਕੰਪਲੈਕਸ 'ਚ ਭੁੱਖ ਹੜਤਾਲ ਹੋਈ ਸ਼ੁਰੂ

## ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਾ ਕੋਰਟ ਕੰਪਲੈਕਸ 'ਚ ਕੀਤਾ ਘਿਰਾਓ, ਮੰਦਰ ਦੀ ਮੁੜ ਉਸਾਰੀ ਤੱਕ ਸੰਘਰਸ਼ ਜਾਰੀ ਰਹੇਗਾ - ਫਰੰਟ





**ਫਗਵਾੜਾ (ਰੱਤੂ)-** ਦਿੱਲੀ ਦੇ ਤੁਗਲਕਾਬਾਦ ਸਥਿਤ ਪ੍ਰਾਚੀਨ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਦੇ ਸੰਘਰਸ਼ ਨੂੰ ਲੈ ਕੇ ਬਣਾਏ ਬਹੁਜਨ ਫਰੰਟ ਵਲੋਂ ਅੱਜ ਫਗਵਾੜਾ ਦੇ ਤਹਿਸੀਲ ਕੰਪਲੈਕਸ ਵਿਖੇ 7 ਸਤੰਬਰ ਤੱਕ ਲਈ ਭੁੱਖ ਹੜਤਾਲ ਅੰਦੋਲਨ ਸ਼ੁਰੂ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਸੰਪ੍ਰਦਾਇ ਸੁਸਾਇਟੀ ਰਜਿ. ਦੇ ਚੇਅਰਮੈਨ ਸੰਤ ਮਹਿੰਦਰ ਪਾਲ ਪੰਡਵਾ ਅਤੇ ਪ੍ਰਧਾਨ ਕੁਲਵੰਤ ਰਾਮ ਭਰੋਮਜਾਰਾ ਵਲੋਂ ਜਿਲ੍ਹਾ ਪੱਧਰੀ ਭੁੱਖ ਹੜਤਾਲਾਂ ਦੇ ਸੱਦੇ ਤੇ ਫਗਵਾੜਾ ਵਿਖੇ ਬਹੁਜਨ ਫਰੰਟ ਦੇ 20 ਮੈਂਬਰਾਂ ਭੁੱਖ ਹੜਤਾਲ ਸ਼ੁਰੂ ਕੀਤੀ ਹੈ। ਜਿਹਨਾਂ ਵਿਚ ਹਰਭਜਨ ਸੁਮਨ, ਸੁਰਿੰਦਰ ਢੰਡਾ, ਚਿਰੰਜੀ ਲਾਲ ਕਾਲਾ, ਸੂਬੇਦਾਰ ਸਤਪਾਲ, ਮਾਸਟਰ ਹਰਮੇਸ਼ ਲਾਲ, ਆਸ਼ਾ ਪਾਠਕ, ਬਿਸ਼ੰਭਰ ਭਬਿਆਣਾ, ਬੀ.ਕੇ. ਰੱਤੂ, ਡਾ. ਜਗਦੀਸ਼ ਸ਼ਿਵਪੁਰੀ, ਜਸਵਿੰਦਰ ਠੱਕਰਕੀ, ਕਾਲਾ ਪ੍ਰਭਾਕਰ, ਪਰਮਜੀਤ ਖਲਵਾੜਾ, ਜਸਵਿੰਦਰ ਗੰਢਵਾ, ਪਰਮਜੀਤ ਸਾਬਕਾ ਸਰਪੰਚ, ਮੁਖਤਿਆਰ ਮਹਿਮੀ, ਕੁਲਵੰਤ ਸਿੰਘ ਭੁੱਲਾਰਾਈ, ਹਰਦਿਆਲ ਚਾਚੋਕੀ, ਚੰਨਣ ਸਿੰਘ, ਹਰਮੇਸ਼ ਕਾਲਾ, ਗੁਰਬਚਨਾ ਰਾਮ ਸਾਬਕਾ ਸਰਪੰਚ, ਲਹਿੰਬਰ ਬਲਾਲੋਂ, ਡਾ. ਸੰਜੀਵ ਭੁੱਲਾਰਾਈ ਸ਼ਾਮਲ ਹਨ। ਇਸ ਦੌਰਾਨ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ, ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਅਤੇ ਡੀ.ਡੀ.ਏ. ਖਿਲਾਫ ਜੋਰਦਾਰ ਨਾਰੇਬਾਜੀ ਵੀ ਕੀਤੀ ਗਈ। ਇਸ ਦੌਰਾਨ ਕੋਰਟ ਕੰਪਲੈਕਸ ਵਿਖੇ ਕਿਸੇ ਨਿਜੀ ਕੰਮ ਤੋਂ ਪੁੱਜੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਗੱਡੀ ਅੱਗੇ ਖੜੇ ਹੋ ਕੇ ਵੀ ਬਹੁਜਨ ਸਮਾਜ ਫਰੰਟ ਨੇ ਜੋਰਦਾਰ ਨਾਰੇਬਾਜੀ ਕਰਦਿਆਂ ਰੋਸ ਪ੍ਰਗਟਾਇਆ ਪਰ ਉਹ ਗੱਡੀ ਵਿਚੋਂ ਬਾਹਰ ਨਹੀਂ ਨਿਕਲੇ। ਉੱਥੇ ਮੌਜੂਦ ਸੁਰੱਖਿਆ ਕਰਮਚਾਰੀਆਂ ਨੇ ਕੇਂਦਰੀ ਮੰਤਰੀ ਦੇ ਕਾਫਿਲੇ ਨੂੰ ਸੁਰੱਖਿਅਤ ਰਵਾਨਾ ਕਰ ਦਿੱਤਾ। ਹਰਭਜਨ ਸੁਮਨ, ਸੁਰਿੰਦਰ ਢੰਡਾ ਅਤੇ ਚਿਰੰਜੀ ਲਾਲ ਕਾਲਾ ਨੇ ਕਿਹਾ ਕਿ ਜਦੋਂ ਤੱਕ ਤੁਗਲਕਾਬਾਦ ਦੇ ਮੰਦਰ ਦੀ ਉਸੇ ਜਗ੍ਹਾ ਤੇ ਉਸਾਰੀ ਨਹੀਂ ਹੋ ਜਾਂਦੀ ਅੰਦੋਲਨ ਜਾਰੀ ਰੱਖਿਆ ਜਾਵੇਗਾ। ਉਹਨਾਂ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ ਦੇ ਘਿਰਾਓ ਦਾ ਐਲਾਨ ਵੀ ਕੀਤਾ। ਇਸ ਮੌਕੇ ਡੇਰਾ ਸੰਤ ਫੂਲਨਾਥ ਜੀ ਚਹੇੜੂ ਦੇ ਸੇਵਾਦਾਰ ਭੁੱਲਾਰਾਮ, ਕਮਲਜੀਤ ਸਾਬਕਾ ਸਰਪੰਚ, ਧਰਮਪਾਲ, ਕੁਲਵਿੰਦਰ ਵਿਰਕਰ, ਕਾਮਰੇਡ ਮਨੋਹਰ ਲਾਲ, ਅਰੁਣ ਕੁਮਾਰ, ਸੁਰਜੀਤ ਭੁੱਲਾਰਾਈ, ਇੰਜੀਨੀਅਰ ਪ੍ਰਦੀਪ ਮੱਲ, ਲਖਵੀਰ ਚੌਧਰੀ, ਲੇਖਰਾਜ ਜਮਾਲਪੁਰ, ਤੇਜਪਾਲ ਬਸਰਾ, ਐਸ.ਐਲ. ਵਿਰਦੀ ਐਡਵੋਕੇਟ, ਪਰਸ ਰਾਮ ਸ਼ਿਵਪੁਰੀ, ਬਲਦੇਵ ਸਿੰਘ ਦੌਲਤਪੁਰ, ਮਨੀ ਅੰਬੇਡਕਰ, ਬੱਬੂ ਠੇਕੇਦਾਰ, ਦੇਬਾ ਸ਼ਿਵਪੁਰੀ, ਹਰਦੀਪ ਬੇਗਮਪੁਰ, ਧਰਮਿੰਦਰ ਭੁੱਲਾਰਾਈ, ਕੁਲਦੀਪ ਭੱਟੀ ਐਡਵੋਕੇਟ, ਗੁਰਪ੍ਰੀਤ ਨੇਸ਼ੀ, ਸੰਧੂ ਮਹੇੜੂ, ਦੀਪਾ ਦੁੱਗਾਂ, ਜੁਗਿੰਦਰ ਖਲਵਾੜਾ, ਮਾਣਾ, ਹਰਮੇਸ਼ ਹਰਦਾਸਪੁਰ, ਗਾਇਕ ਮਲਕੀਤ ਬਬੇਲੀ, ਗੋਰਾ ਚੱਕ ਪ੍ਰੇਮਾ, ਮਨੋਹਰ ਲਾਲ ਕਾਮਰੇਡ, ਬਿੱਲੂ ਭਾਣੋਕੀ ਆਦਿ ਹਾਜਰ ਸਨ।

## ਦੀਵਾ

ਵੇ ਬਾਤ ਦਾ ਹੁੰਦਾ ਮਤਲਬ ਤੇ ਫਿਰ ਬਾਤ ਜਦੋਂ ਕੋਈ ਪਾਵੇ
ਕਿਵੇਂ ਭਰਦਾ ਭਰਦਾ ਜਦੋਂ ਹੁੰਗਾਰਾ ਖਹਿੜਾ ਪਿਆ ਛੁਡਾਵੇ
ਉਹੀ ਗੱਲ ਹੁਣ ਤੇਰੀ ਤੇ ਤੈਨੂੰ ਗੱਲ ਸਿਰੇ ਦੀ ਆਖੀ ਹੈ
ਵੇ ਤੂੰ ਦੀਵਾ ਨਾ ਬੁਝਾਵੀਂ ਮੇਰੀ ਬਾਤ ਬਾਕੀ ਹੈ।

ਵੱਟ ਕੇ ਬੱਤੀ ਭਰਕੇ ਤੇਲ ਤੇ ਦੀਵਾ ਮਸਾਂ ਜਗਾਇਆ
ਬਹਿ ਗਿਆ ਬੇੜਾ ਬਿਜਲੀ ਦਾ ਜਿਹੜਾ ਕੰਮ ਸਾਡੇ ਹੁਣ ਆਇਆ
ਇਕੱਲਾ ਦੀਵਾ ਜਗੇ ਵਿਚਾਰਾ ਵੇ ਜਿਹੜਾ ਕਰਦਾ ਰਾਖੀ ਹੈ
ਵੇ ਤੂੰ ਦੀਵਾ ਨਾ ਬੁਝਾਵੀਂ ਮੇਰੀ ਬਾਤ .....

ਛੁਪ ਗਿਆ ਸੂਰਜ ਰਾਤ ਹਨੇਰੀ ਬਾਤ ਰਾਤ ਨੂੰ ਪਾਈਏ
ਬੁਝਣ ਲੱਗਿਆ ਮੁਸ਼ਕਿਲ ਆ ਜੇ ਫਿਰ ਆਪ ਦਿਮਾਗ ਲੜਾਈਏ
ਬੱਦਲਾਂ ਦੇ ਫਿਰ ਉਹਲੇ ਹੋ ਕੇ ਕਿਵੇਂ ਚੰਦ ਮਾਰਦਾ ਝਾਤੀ
ਵੇ ਤੂੰ ਦੀਵਾ ਨਾ ਬੁਝਾਵੀਂ ਮੇਰੀ ਬਾਤ .....

ਭਾਗਾਂ ਭਰਿਆ ਦਿਨ ਆਉਣਾ ਤਾਂਹੀਉਂ ਲੋਕੀ ਕਿਵੇਂ ਜਗਾਉਂਦੇ
ਫਿਰ ਚਾਅ ਚੜ੍ਹਿਆ ਨਾ ਝੱਲਿਆ ਜਾਵੇ ਸਾਰੇ ਖੁਸ਼ੀ ਮਨਾਉਂਦੇ
ਨਾ ਗੱਲਬਾਤ ਦੀ ਕਦਰ ਕਰੇ ਕਿਉਂ ਤੂੰ ਬਣ ਗਿਆ ਪਾਪੀ ਹੈ
ਵੇ ਤੂੰ ਦੀਵਾ ਨਾ ਬੁਝਾਵੀਂ ਮੇਰੀ ਬਾਤ .....

ਵੇਖ ਮਾਖਿਉਂ ਮਿੱਠੀ ਬਾਤ ਮੇਰੀ ਆਖਿਰ ਕਹਿਣ ਲੱਗੀ ਹਾਂ ਤੈਨੂੰ
ਖੂਹ ਖਾਤੇ ਵਿਚ ਜ਼ਿੰਦਗੀ ਪੈ ਜੇ ਫਰਕ ਤਾਂ ਪੈਣਾ ਮੈਨੂੰ
ਸੁਣ 'ਦੇਵ ਘੋਲੀਏ' ਵਾਲਿਆ ਵੇ ਤੇਰੀ ਫੜੀ ਚਲਾਕੀ ਹੈ
ਵੇ ਤੂੰ ਦੀਵਾ ਨਾ ਬੁਝਾਵੀਂ ਮੇਰੀ ਬਾਤ ਬਾਕੀ ਹੈ।



– ਦੇਵ ਘੋਲੀਆ
ਖੁਰਦ
(ਫਰਿਜ਼ਨੋ)
559-232-7764

## ਗੀਤ

ਹੁੰਦੀ ਚਰਚਾ ਚਾਰ ਚੁਫੇਰੇ, ਨਾ ਕੰਨੀ ਜੂੰ ਸਰਕਦੀ ਤੇਰੇ,
ਰੂਹ ਧੁਰ ਤੱਕ ਹੈ ਕੰਬ ਜਾਂਦੀ, ਪੜ੍ਹ ਪੜ੍ਹ ਖ਼ਬਰਾਂ ਨਿੱਤ ਸਵੇਰੇ।
ਕਿਉਂ ਕੀਤੇ ਵਾਅਦੇ ਭੁੱਲ ਗਇਓ, ਫੜ ਹੱਥ ਗੁਰਾਂ ਦੀ ਬਾਣੀ,
ਹੁਣ ਜਾਗ ਹਾਕਮਾ ਤੂੰ ਸਿਰ ਤੋਂ ਲੰਘ ਚੱਲਿਆ ਏ ਪਾਣੀ।

ਗਲੀ ਗਲੀ ਹਾਲੇ ਜ਼ਹਿਰ ਵਿਕੇਂਦੀ, ਰੁੜ੍ਹੀ ਜਵਾਨੀ ਜਾਵੇ,
ਸੁਣ ਨਾ ਹੁੰਦੇ ਵੈਣ ਮਾਵਾਂ ਦੇ, ਜਦੋਂ ਪੁੱਤ ਜਹਾਨੋਂ ਜਾਵੇ।
ਬਾਪ ਦੇ ਮੋਢੇ ਲਾਸ਼ ਪੁੱਤ ਦੀ, ਪੈਂਦੀ ਅੱਜ ਲਿਜਾਣੀ,
ਹੁਣ ਤਾਂ ਜਾਗ ਹਾਕਮਾ ਤੂੰ, ਸਿਰ ਤੋਂ ਲੰਘ ਚੱਲਿਆ ਏ ਪਾਣੀ।

ਪੰਡ ਕਰਜ਼ਿਆਂ ਵਾਲੀ ਨੇ ਲੱਕ ਤੋੜ ਦਿੱਤਾ ਕਿਰਸਾਨੀ ਦਾ,
ਚੱਲ ਨਾ ਹੋਇਆ ਕਿਸੇ ਕੋਲੋਂ ਵੀ ਗਰੀਬਾਂ ਦੀ ਪ੍ਰੇਸ਼ਾਨੀ ਦਾ।
ਜੋ ਪੇਟ ਕਰੋੜਾਂ ਦਾ ਭਰਦਾ ਉਹਦੀ ਕਦਰ ਕਿਸੇ ਨਾ ਜਾਣੀ,
ਹੁਣ ਤਾਂ ਜਾਗ ਹਾਕਮਾ ਤੂੰ, ਸਿਰ ਤੋਂ ਲੰਘ ਚੱਲਿਆ ਏ ਪਾਣੀ।

ਲੁੱਟ ਖੋਹਾਂ ਤੇ ਡਾਕੇ ਪੈਂਦੇ, ਹੁੰਦੇ ਜਬਰ ਜਿਨਾਹ,
ਅੰਨ੍ਹੀ ਪੀਂਹਦੀ ਕੁੱਤਾ ਚੱਟੇ ਹੋਏ ਰਾਖੇ ਬੇਪਰਵਾਹ।
ਨਿੱਤ ਲਾਰਿਆਂ ਵਾਲੀ ਰੱਖਦਿਓਂ ਪਾਣੀ ਵਿਚ ਮਧਾਣੀ,
ਹੁਣ ਤਾਂ ਜਾਗ ਹਾਕਮਾ ਤੂੰ, ਸਿਰ ਤੋਂ ਲੰਘ ਚੱਲਿਆ ਏ ਪਾਣੀ।

ਘੁੱਗ ਵੱਸਦੇ ਪੰਜਾਬ ਮੇਰੇ ਨੂੰ ਕੋਈ ਲੱਗੀ ਨਜ਼ਰ ਕੁਲਹਿਣੀ,
ਖੁਸ਼ੀ ਖੇੜੇ ਵੰਡਦੀ ਧਰਤੀ ਕਿਉਂ ਗਈ ਅੱਜ ਗ੍ਰਹਿਣੀ।
ਕੋਈ ਪੇਜ ਮਸੀਹਾ ਦਾਤਿਆ ਜੋ ਇਹ ਸੁਲਝਾਏ ਤਾਣੀ,
ਹੁਣ ਤਾਂ ਜਾਗ ਹਾਕਮਾ ਤੂੰ, ਸਿਰ ਤੋਂ ਲੰਘ ਚੱਲਿਆ ਏ ਪਾਣੀ।



– ਪਰਸ਼ਨ 'ਤੂਰ'
ਸਵੱਦੀ
707-439-6961

## ਗੁੜ੍ਹਤੀ ਹਿੰਮਤ ਦੀ !

ਗੋਂਦਾਂ ਗੁੰਦਦੇ ਪਰਦਿਆਂ ਵਿੱਚ ਬਹਿ ਕੇ

ਰਲ਼ ਕੇ ਖੋਲ੍ਹੀਏ 'ਪਾਜ' ਲੁਟੇਰਿਆਂ ਦੇ।

ਨੀਤੀ ਤਾੜ ਕੇ ਹਾਕਮ ਦੀ ਦੂਰ ਕਰੀਏ

ਪਾਏ ਵਿਤਕਰੇ ਤੇਰਿਆਂ ਮੇਰਿਆਂ ਦੇ।

ਚੜ੍ਹਦੀ ਕਲਾ ਦੇ ਕੰਨਾਂ ਵਿਚ ਬੋਲ ਪਾਈਏ

ਬੇਵਸੀ ਤੇ ਸਹਿਮ ਵਿੱਚ ਘੇਰਿਆਂ ਦੇ।

ਕਾਲ਼ੀ ਰਾਤ ਨੇ ਹੁੰਦਾ ਏ ਮੁੱਕਣਾ ਹੀ

ਬਣਕੇ ਚੱਲੀਏ ਗਾਹਕ 'ਸਵੇਰਿਆਂ' ਦੇ।

ਗੁੜ੍ਹਤੀ ਹਿੰਮਤ ਦੀ ਮਿਲ਼ੀ ਵਡਾਰੂਆਂ ਤੋਂ

ਗਾਵੇ ਗੀਤ ਇਤਿਹਾਸ ਵੀ ਜੇਰਿਆਂ ਦੇ।

ਆਉ ਦੋਸਤੋ ਸੱਚ ਦੀ ਕਿਰਨ ਬਣਕੇ

ਭਿੜੀਏ ਜੂਝੀਏ ਨਾ਼ਲ 'ਹਨ੍ਹੇਰਿਆਂ' ਦੇ।



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਗ਼ਜ਼ਲ

ਤਰਾਸ਼ਦੇ ਨੇ ਉਹ ਨਕਸ਼ ਮੇਰੇ
ਨਿਖਾਰਦੇ ਨੇ ਵਜੂਦ ਮੇਰਾ।
ਖ਼ਿਲਾਫ਼ ਮੇਰੇ ਜੋ ਕਰਨ ਚਰਚਾ,
ਉਭਾਰਦੇ ਨੇ ਵਜੂਦ ਮੇਰਾ।
ਅਕਾਸ਼ ਗੰਗਾ ਨੂੰ ਤਨ ਮੇਰੇ ਤੋਂ
ਭਰੁਣ ਦੀ ਕਰ ਰਹੇ ਨੇ ਸਾਜ਼ਿਸ਼
ਖ਼ਲਾਅ ਤੇ ਨ੍ਹੇਰਾ ਜਦੋਂ ਵੀ ਮਿਲਦੇ,
ਵਿਚਾਰਦੇ ਨੇ ਵਜੂਦ ਮੇਰਾ।
ਬੜੇ ਹੀ ਪਾਗਲ ਨੇ, ਲੋਅ ਮੇਰੀ ਨੂੰ,
ਬਲੌਰ ਅੰਦਰ ਨੇ ਕੈਦ ਕਰਦੇ,
ਉਹ ਮੈਨੂੰ ਮੇਟਣ ਦੀ ਦੌੜ ਅੰਦਰ
ਉਸਾਰਦੇ ਨੇ ਵਜੂਦ ਮੇਰਾ।
ਉਹ ਅਕਸ ਮੇਰੇ ਦੇ ਕਰਨ ਟੁਕੜੇ
ਤੇ ਫਿਰ ਉਛਾਲਣ ਹਨੇਰੀਆਂ ਵਿਚ
ਸਗੋਂ ਮੈਂ ਜਿੱਥੇ ਗਿਆ ਨਾ ਓਥੇ,
ਪਸਾਰਦੇ ਨੇ ਵਜੂਦ ਮੇਰਾ।
ਸਮੇਂ ਨੇ ਬਖ਼ਸ਼ੇ ਨੇ ਜ਼ਖ਼ਮ ਏਨੇ,
ਜਿਵੇਂ ਬਹਾਰਾਂ 'ਚ ਫੁੱਲ ਖਿੜਦੇ,
ਕਿਸੇ ਅਜੂਬੇ ਦੇ ਵਾਂਗ ਲੋਕੀਂ,
ਨਿਹਾਰਦੇ ਨੇ ਵਜੂਦ ਮੇਰਾ।



– ਸੁਰਿੰਦਰ ਸੋਹਲ

### ਛਪ ਰਹੀ ਬਾਲ-ਕਹਾਣੀਆਂ ਦੀ ਕਿਤਾਬ 'ਜਾਸੂਸ ਲੂੰਬੜੀ ਤੇ ਭਾਲੂ ਦੀ ਚਾਲ' ਦੀ ਭੂਮਿਕਾ

# ਕਿਤਾਬ ਬੱਚਿਆਂ ਵਾਸਤੇ - ਭੂਮਿਕਾ ਮਾਪਿਆਂ ਤੇ ਅਧਿਆਪਕਾਂ ਵਾਸਤੇ

'ਜਾਸੂਸ ਲੂੰਬੜੀ ਤੇ ਭਾਲੂ ਦੀ ਚਾਲ' ਕਿਤਾਬ ਵਿਚ ਪੇਸ਼ ਕਹਾਣੀਆਂ ਦਾ ਉਦੇਸ਼ ਬੱਚਿਆਂ ਨੂੰ ਸਿੱਧੀ ਸਿੱਖਿਆ ਘੋ਼ਲ ਕੇ ਪਿਲਾਉਣਾ ਨਹੀਂ, ਬੱਚਿਆਂ ਵਿਚ ਪੜ੍ਹਨ ਦੀ ਰੁਚੀ ਪੈਦਾ ਕਰਨਾ ਹੈ। ਇਸੇ ਕਰਕੇ ਇਹ ਕਹਾਣੀਆਂ ਅਤਿ-ਰੌਚਿਕ ਅੰਦਾਜ਼ ਵਿਚ ਲਿਖੀਆਂ ਗਈਆਂ ਹਨ। ਆ਼ਲਾ-ਦੁਆ਼ਲਾ ਬੜਾ ਮਨਮੋਹਕ ਹੈ ਤੇ ਪਾਤਰ ਦਿਲਚਸਪ ਹਨ।

ਇਹ ਕਹਾਣੀਆਂ ਸੁਣਾਈਆਂ ਗਈਆਂ ਨਹੀਂ, ਫ਼ਿਲਮ ਵਾਂਗ ਦਿਖਾਈਆਂ ਗਈਆਂ ਹਨ। ਇਸ ਕਰਕੇ (ਬੱਚਾ) ਪਾਠਕ ਕਹਾਣੀਆਂ 'ਚ ਪੇਸ਼ ਦ੍ਰਿਸ਼ਾਂ ਦੀ ਤਸਵੀਰ ਆਪਣੇ ਦਿਮਾ਼ਗ ਵਿਚ ਚਿਤਰਨ ਲਈ ਕਲਪਨਾ ਦੀ ਵਰਤੋਂ ਕਰੇਗਾ। ਖ਼ਿਆਲਾਂ-ਖ਼ਿਆਲਾਂ ਵਿਚ ਹੀ ਵਾਪਰ ਰਹੀ ਘਟਨਾ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰੇਗਾ। ਹਰ ਕਹਾਣੀ ਵਿਚ ਨਿੱਕੇ-ਨਿੱਕੇ ਖੱਪੇ ਹਨ। ਪੜ੍ਹਦਾ-ਪੜ੍ਹਦਾ (ਬੱਚਾ) ਪਾਠਕ ਉਹ ਖੱਪੇ ਭਰਨ ਵਾਸਤੇ ਵੀ ਆਪਣੀ ਕਲਪਨਾ-ਸ਼ਕਤੀ ਦਾ ਸਹਾਰਾ ਲਵੇਗਾ। ਇੰਞ ਬੱਚਾ (ਪਾਠਕ) ਦੀ ਕਲਪਨਾ-ਸ਼ਕਤੀ ਦੀ ਭਰਪੂਰ ਸੰਭਵਾਨਾਵਾਂ ਪ੍ਰਗਟ ਹੋਣ ਦਾ ਰਸਤਾ ਖੁੱਲ੍ਹੇਗਾ। ਸਿਆਣੇ ਸਹੀ ਕਹਿੰਦੇ ਹਨ ਕਿ ਉਸਾਰੂ ਕਲਪਨਾ ਹੀ ਉਸਾਰੂ ਸਮਾਜ ਤੇ ਰੌਸ਼ਨ ਭਵਿੱਖ ਸਿਰਜਦੀ ਹੈ। ਇਸ ਕਿਤਾਬ ਦਾ ਦੂਜਾ ਮੁੱਖ ਮੰਤਵ (ਬੱਚਾ) ਪਾਠਕ ਨੂੰ ਪੰਜਾਬੀ ਭਾਸ਼ਾ ਪ੍ਰਤੀ ਸੁਚੇਤ ਕਰਨਾ ਹੈ। ਜਿਹੜੇ ਅੱਖਰ ਤੇ ਚਿੰਨ੍ਹ ਅੱਜ ਦਾ ਸਿਆਣਾ-ਬਿਆਣਾ ਪੰਜਾਬੀ ਬੰਦਾ ਵੀ ਤਿਆਗਦਾ ਜਾ ਰਿਹਾ ਹੈ, ਉਹਨਾਂ ਅੱਖਰਾਂ ਤੇ ਚਿੰਨ੍ਹਾਂ ਨੂੰ ਪੁਨਰ-ਸੁਰਜੀਤ ਕਰਨ ਦਾ ਮੁੱਢਲਾ ਉਪਰਾਲਾ ਕੀਤਾ ਗਿਆ ਹੈ।

ਮਿਸਾਲ ਵਜੋਂ 'ਙ' (ਙੰਙਾ) ਤੇ 'ਞ' (ਞੰਞਾ) ਅੱਖਰਾਂ ਦੀ ਵਰਤੋਂ ਅੱਜ ਦੀ ਪੰਜਾਬੀ ਲਿਖਤ ਵਿੱਚੋਂ ਲਗਪਗ ਖ਼ਤਮ ਹੀ ਹੋ ਗਈ ਹੈ; ਜਦਕਿ ਇਹ ਅੱਖਰ ਗੁਰਮੁਖੀ ਲਿੱਪੀ ਦਾ ਸ਼ਿੰਗਾਰ ਰਹੇ ਹਨ। ਕੁਝ ਲੋਕਾਂ ਨੇ ਤਾਂ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਇਹ ਅੱਖਰ ਹੁਣ ਬੇਲੋੜੇ ਹੋ ਗਏ ਹਨ। ਇਸ ਕਰਕੇ ਗੁਰਮੁਖੀ ਵਰਣ-ਮਾ਼ਲਾ 'ਚੋਂ ਕੱਢ ਹੀ ਦੇਣੇ ਚਾਹੀਦੇ ਹਨ। ਇਹ ਗੱਲ ਕਹਿੰਦਿਆਂ ਉਹ ਇਹ ਰਤਾ ਵਿਚਾਰ ਨਹੀਂ ਕਰਦੇ ਕਿ ਇਹ ਅੱਖਰ ਕੱਢ ਦੇਣ ਨਾ਼ਲ ਗੁਰਮੁਖੀ ਵਰਣ-ਮਾ਼ਲਾ ਦਾ ਸੁੰਦਰ ਢਾਂਚਾ ਤਾਂ ਬਿਖਰੇਗਾ ਹੀ, ਉਹਨਾਂ ਪੁਰਾਣੀਆਂ ਤੇ ਮਹੱਤਵਪੂਰਨ ਕਿਤਾਬਾਂ ਦਾ ਕੀ ਬਣੇਗਾ, ਜਿਹਨਾਂ 'ਚ ਇਹਨਾਂ ਅੱਖਰਾਂ ਦੀ ਵਰਤੋਂ ਕੀਤੀ ਗਈ ਹੈ! ਗੁਰਮੁਖੀ ਵਰਣ-ਮਾ਼ਲਾ ਦੇ ਹਰ ਅੱਖਰ ਤੇ ਹਰ ਚਿੰਨ੍ਹ ਦਾ ਆਪਣਾ ਮਹੱਤਵ ਹੈ। ਇਹੀ ਕਾਰਨ ਹੈ ਕਿ ਦੁਨੀਆ ਦੀ ਹੋਰ ਭਾਸ਼ਾ ਬੋਲਣ ਵਾ਼ਲਾ ਬੰਦਾ ਭਾਵੇਂ ਪੰਜਾਬੀ ਸਹੀ ਨਹੀਂ ਬੋਲ ਸਕਦਾ ਪਰ ਪੰਜਾਬੀ ਬੰਦਾ ਦੁਨੀਆ ਦੀ ਲਗਪਗ ਹਰ ਭਾਸ਼ਾ ਸਹੀ ਤਰੀਕੇ ਨਾ਼ਲ ਬੋਲ ਸਕਣ ਦੀ ਸਮਰੱਥਾ ਰੱਖਦਾ ਹੈ। ਖ਼, ਜ਼, ਫ਼, ਗ਼ ਧੁਨੀਆਂ ਵਾ਼ਲੇ ਅੱਖਰਾਂ ਹੇਠ ਬਿੰਦੀ ਪਾਉਣ ਦਾ ਰਿਵਾਜ ਵੀ ਮਰਨ ਕਿਨਾਰੇ ਹੋਇਆ ਪਿਆ ਹੈ। ਅਨਰਥ ਤਾਂ ਉਦੋਂ ਹੁੰਦਾ ਹੈ ਜਦੋਂ ਅਗਿਆਨਤਾ-ਵੱਸ ਬਿੰਦੀਆਂ ਓਥੇ ਤਾਂ ਪਾਈਆਂ ਹੁੰਦੀਆਂ ਹਨ, ਜਿੱਥੇ ਇਹਨਾਂ ਦੀ ਜ਼ਰੂਰਤ ਹੀ ਨਹੀਂ ਹੈ ਤੇ ਜਿੱਥੇ ਲੋੜ ਹੈ, ਓਥੇ ਇਹਨਾਂ ਦੀ ਵਰਤੋਂ ਨਹੀਂ ਕੀਤੀ ਗਈ ਹੁੰਦੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਜੇ ਬਿੰਦੀ ਲੱਗਣ ਜਾਂ ਨਾ ਲੱਗਣ ਨਾ਼ਲ ਸ਼ਬਦ ਦੇ ਅਰਥ ਨੂੰ ਫ਼ਰਕ ਨਹੀਂ ਪੈਂਦਾ ਤਾਂ ਇਸ ਦੀ ਵਰਤੋਂ ਕਰਨ ਦੀ ਲੋੜ ਕੀ ਹੈ? ਪਰ ਉਹ ਭੁੱਲ ਜਾਂਦੇ ਹਨ ਕਿ ਇਹ ਬਿੰਦੀ ਦੀ ਵਰਤੋਂ ਹੀ ਹੈ ਜੋ ਦੱਸ ਪਾਉਂਦੀ ਹੈ ਕਿ ਇਹ ਸ਼ਬਦ ਅਰਬੀ/ਫ਼ਾਰਸੀ/ਉਰਦੂ ਬੋਲੀ ਵਿੱਚੋਂ ਪੰਜਾਬੀ ਬੋਲੀ ਵਿਚ ਆਇਆ ਹੈ। ਇਹ ਬਿੰਦੀਆਂ ਅਚੇਤ ਹੀ ਬਾਲ-ਮਨ 'ਤੇ ਆਪਣੇ ਨਿਸ਼ਾਨ ਛੱਡਦੀਆਂ ਜਾਂਦੀਆਂ ਹਨ। ਜਦੋਂ (ਬੱਚਾ) ਪਾਠਕ ਵੱਡਾ ਹੁੰਦਾ ਤਾਂ ਕਦੇ ਨਾ ਕਦੇ ਇਹਨਾਂ ਬਿੰਦੀਆਂ ਦੀ ਵਰਤੋਂ ਬਾਰੇ ਜ਼ਰੂਰ ਸੋਚਦਾ ਹੈ। (ਇਸ ਦਾ ਮੈਨੂੰ ਨਿੱਜੀ ਤਜਰਬਾ ਹੈ)।





'ਲ਼' ਪੰਜਾਬੀ ਦਾ ਨਿਵੇਕਲਾ ਉਚਾਰ-ਚਿੰਨ੍ਹ ਹੈ। ਇਹ ਵੀ ਲਗਪਗ ਖ਼ਤਮ ਹੀ ਹੈ। ਜਦਕਿ ਅਸੀਂ ਜਾਣਦੇ ਹਾਂ ਇਸ ਦੀ ਗ਼ਲਤ ਵਰਤੋਂ ਨਾ਼ਲ ਅਰਥਾਂ ਦੇ ਅਨਰਥ ਹੋ ਜਾਂਦੇ ਹਨ। 'ਗੋਲੀ' (ਨੌਕਰਾਣੀ) ਤੇ ਗੋ਼ਲੀ (ਖਾਣ ਵਾ਼ਲੀ) ਵਿਚ ਕਿੰਨਾਂ ਫ਼ਰਕ ਹੈ! ਇੰਞ ਹੀ 'ਬੋਲੀ' ਭਾਸ਼ਾ ਹੁੰਦੀ ਹੈ ਤੇ 'ਬੋ਼ਲੀ' ਉਹ ਜਿਸ ਨੂੰ ਸੁਣਾਈ ਨਾ ਦਿੰਦਾ ਹੋਵੇ।

ਕਹਿਣ ਤੋਂ ਭਾਵ ਇਹ ਕਿ ਇਸ ਕਿਤਾਬ ਵਿਚ ਬੇਹੱਦ ਰੌਚਕ ਜਾਸੂਸੀ ਕਹਾਣੀਆਂ ਦੇ ਨਾ਼ਲ-ਨਾ਼ਲ ਭਾਸ਼ਾਈ ਚਿੰਨ੍ਹਾਂ ਦੀ ਵਰਤੋਂ ਸੁਚੇਤ ਪੱਧਰ 'ਤੇ ਕੀਤੀ ਗਈ ਹੈ।

ਸਾਡਾ ਮੱਤ ਹੈ ਕਿ ਆਪਣੀ ਭਾਸ਼ਾ ਦੇ ਸਹੀ ਉਚਾਰਨ ਲਈ ਬੱਚੇ ਨੂੰ ਬਚਪਨ ਵਿਚ ਪਹਿਲਾਂ ਮਾਂ-ਬਾਪ ਵਲੋਂ ਤੇ ਫਿਰ ਮੁੱਢਲੀ ਵਿਦਿਆ ਦੌਰਾਨ ਅਧਿਆਪਕ ਵਲੋਂ ਸੁਚੇਤ ਕਰਨਾ ਚਾਹੀਦਾ ਹੈ। ਬੱਚੇ ਦੀ ਗ੍ਰਹਿਣ-ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਉਸਦੀ ਜੀਭ ਕੋਮਲ ਹੋਣ ਕਾਰਨ ਉਹ ਹਰ ਤਰ੍ਹਾਂ ਦੀ ਆਵਾਜ਼ ਕੱਢ ਸਕਦਾ ਹੈ।

ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਇਹ ਕਿਤਾਬ ਸਿਰਫ਼ ਬੱਚਿਆਂ ਵਾਸਤੇ ਹੀ ਨਹੀਂ ਸਗੋਂ ਮਾਪਿਆਂ ਤੇ ਅਧਿਆਪਕਾਂ ਵਾਸਤੇ ਵੀ ਓਨੀ ਹੀ ਮਹੱਤਵਪੂਰਨ ਹੈ। ਮਾਪਿਆਂ ਤੇ ਅਧਿਆਪਕਾਂ ਨੇ ਬੱਚੇ ਦੀ ਸ਼ਖ਼ਸੀਅਤ ਤਰਾਸ਼ਣੀ ਤੇ ਨਿਖਾਰਨੀ ਹੁੰਦੀ ਹੈ। ਇਹ ਵੀ ਇਕ ਸੱਚਾਈ ਹੈ ਕਿ ਬੱਚੇ ਦੀ ਸ਼ਖ਼ਸੀਅਤ ਨੂੰ ਤਰਾਸ਼ਣ ਤੇ ਨਿਖਾਰਨ ਵਿਚ ਭਾਸ਼ਾ ਦੀ ਵੀ ਵੱਡੀ, ਅਹਿਮ ਅਤੇ ਜ਼ਿਕਰਯੋਗ ਭੂਮਿਕਾ ਹੁੰਦੀ ਹੈ। ਆਪਣੇ ਯਤਨ ਵਿਚ ਅਸੀਂ ਕਿੰਨੇ ਕੁ ਕਾਮਯਾਬ ਹੋਏ ਹਾਂ ਇਹ ਤਾਂ ਤੁਹਾਡਾ ਹੁੰਗਾਰਾ ਹੀ ਦੱਸੇਗਾ।

– ਸੁਰਿੰਦਰ ਸੋਹਲ

# ਵਿਰਾਸਤੀ ਕਲਚਰ ਦੇ ਰੰਗ ਵਿੱਚ ਰੰਗੀ ਰਿਸ਼ਤਿਆਂ ਦੀ ਕਹਾਣੀ 'ਸਾਕ'

ਪੰਜਾਬੀ ਫਿਲਮ ਇਤਿਹਾਸ ਵਿੱਚ ਫੌਜੀ ਜੀਵਨ ਅਧਾਰਤ ਬਹੁਤ ਘੱਟ ਫਿਲਮਾਂ ਦਾ ਨਿਰਮਾਣ ਹੋਇਆ ਹੈ ਪਰ ਜੋ ਵੀ ਬਣੀਆਂ ਹਨ ਉਹ ਆਪਣੀ ਮਿਸ਼ਾਲ ਆਪ ਹਨ। ਉਡੀਕਾਂ, ਸੂਬੇਦਾਰ, ਸੁਖਮਨੀ, ਦਾਣਾ ਪਾਣੀ ਵਰਗੀਆਂ ਫਿਲਮਾਂ ਅੱਜ ਵੀ ਦਰਸ਼ਕਾਂ ਦੇ ਚੇਤਿਆਂ ਵਿੱਚ ਵਸੀਆਂ ਪਈਆਂ ਹਨ। ਫੌਜੀ ਜ਼ਿੰਦਗੀ ਅਧਾਰਤ ਹੀ ਇੱਕ ਹੋਰ ਫਿਲਮ 'ਸਾਕ' ਇੰਨ੍ਹੀਂ ਦਿਨ੍ਹੀਂ ਰਿਲੀਜ਼ ਲਈ ਤਿਆਰ ਹੈ ਜਿਸਦਾ ਨਿਰਮਾਣ ਮਿਨਹਾਸ ਫਿਲਮਜ਼ ਦੇ ਬੈਨਰ ਹੇਠ ਜਤਿੰਦਰ ਜੇ ੍ਮਿਨਹਾਸ ਤੇ ਰੁਪਿੰਦਰ ਮਿਨਹਾਸ ਨੇ ਕੀਤਾ ਹੈ।

6 ਸਤੰਬਰ ਨੂੰ ਰਿਲੀਜ਼ ਹੋ ਰਹੀ ਲੇਖਕ ਨਿਰਦੇਸ਼ਕ ਕੰਵਲਜੀਤ ਸਿੰਘ ਦੀ ਇਹ ਫਿਲਮ 'ਸਾਕ' ਰਿਸ਼ਤਿਆਂ ਦੀ ਅਹਿਮੀਅਤ ਅਤੇ ਸਮਾਜ ਦੇ ਉਲਝੇ ਤਾਣੇ ਬਾਣੇ ਅਧਾਰਤ ਇੱਕ ਬਹੁਤ ਹੀ ਸੰਵੇਦਨਸ਼ੀਲ ਵਿਸ਼ੇ ਦੀ ਫਿਲਮ ਹੈ ਜਿਸ ਵਿੱਚ ਮੈਂਡੀ ਤੱਖਰ ਤੇ ਜੋਬਨਪ੍ਰੀਤ ਸਿੰਘ ਮੁੱਖ ਭੂਮਿਕਾ ਵਿੱਚ ਨਜ਼ਰ





ਆਉਣਗੇ। ਮੈਂਡੀ ਨੇ ਇਸ ਫਿਲਮ ਵਿੱਚ ਚੰਨ ਕੌਰ ਦਾ ਕਿਰਦਾਰ ਨਿਭਾਇਆ ਹੈ। ਜੋਬਨਪ੍ਰੀਤ ਦੀ ਇਹ ਪਹਿਲੀ ਫਿਲਮ ਹੈ ਤੇ ਉਹ ਫੌਜੀ ਕਰਮ ਸਿੰਘ ਦੇ ਕਿਰਦਾਰ 'ਚ ਨਜ਼ਰ ਆਵੇਗਾ।

ਫਿਲਮ ਦੀ ਕਹਾਣੀ ਇੱਕ ਅਜਿਹੇ ਫੌਜੀ ਦੀ ਹੈ ਜਿਸ ਦਾ ਸਾਕ ( ਮੰਗਣੀ) ਕਿਸੇ ਕਾਰਨ ਟੁੱਟਣ ਕਿਨਾਰੇ ਆ ਜਾਂਦਾ ਹੈ। ਅਜਿਹੇ ਕੀ ਕਾਰਨ ਹੋ ਸਕਦੇ ਹਨ? ਇਸ ਪਿੱਛੇ ਇੱਕ ਬਹੁਤ ਹੀ ਦਿਲਚਸਪ ਕਹਾਣੀ ਹੈ ਜੋ ਪਰਦੇ ਉੱਪਰ ਹੀ ਨਜ਼ਰ ਆਵੇਗੀ। ਇਸ ਫਿਲਮ 'ਚ ਜੋਬਨਪ੍ਰੀਤ ਸਿੰਘ, ਮੈਂਡੀ ਤੱਖਰ, ਮੁੱਕਲ ਦੇਵ ਦਿਲਾਵਰ ਸਿੱਧੂ, ਰੁਪਿੰਦਰ ਰੂਪੀ, ਸੋਨਪ੍ਰੀਤ ਜਵੰਧਾ, ਮਹਾਂਵੀਰ ਭੁੱਲਰ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਸੰਗੀਤ ਜੈ ਦੇਵ ਕੁਮਾਰ ਨੇ ਦਿੱਤਾ ਹੈ। ਗੀਤ ਵੀਤ ਬਲਜੀਤ ਨੇ ਲਿਖੇ ਹਨ। ਫਿਲਮ ਦਾ ਗੀਤ ਸੰਗੀਤ ਅਤੇ ਵਿਰਾਸਤੀ ਕਲਚਰ ਫਿਲਮ ਦਾ ਵਿਸ਼ੇਸ ਆਕਰਸ਼ਨ ਹੋਣਗੇ।

– ਹਰਜਿੰਦਰ ਸਿੰਘ ਜਵੰਦਾ



Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਤੀਰਥ ਗਾਖਲ
ਰੰਗ ਕਬੱਡੀ ਦੇ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Dedicated to Sweet Memory of
Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
ਮੁੱਖ ਮਹਿਮਾਨ
OPENING
Sponsor All Open
1st Prize Sponsored by
TAKHAR FAMILY
in loving memory of Late. Santokh Singh Takhar
Apna Punjab Club
Late. Santokh Singh Takhar
Media In charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਓਲੰਪੀਅਨ ਸੁਰਿੰਦਰ ਸਿੰਘ ਸੋਢੀ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਵਾਈਸ ਮੇਅਰ ਫਰੀਮਾਂਟ
ਮੇਜਰ ਸਿੰਘ ਬੈਂਸ
ਤੀਰਥ ਸਿੰਘ ਗਾਖਲ
ਵਿਸ਼ੇਸ਼ ਮਹਿਮਾਨ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
ਗਾਖ਼ਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖ਼ਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ,ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Gurnam Singh Wraich
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਮੰਗੀ ਬੱਗਾ ਪਿੰਡ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
GUEST OF HONOUR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Harwinder Singh Atwal
Kuldip S. Sahota
Uppal Manjit Singh
Pamma deol
Jaswant Singh Hothi
Joga Kang
Jass Sohal
Mangal Singh Bhandal
Dr. Harjinder Khehra
Pr. Sarwan Singh
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Sarup Singh Jhaj
Inderjit Dhugga
Lakha
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Dhanna Coach
Ruby Harkhowal
TUTT BROTHERS, INDER DOSANJH AUTO GROUP INC., OCEAN TRANSPORTS & WHITE HAWLK, INDERJIT THIND, JASPREET S ATORNY, GN TIRE & LUBE, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SIKH PANCHAYAT SADH SANGAT, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, HARDUMAN (BILLA) SANGHERA, KULDEEP S. DHALIWAL, SUKHJIT S SANDHU. PARGAN SINGH. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH, MOGA LOGISTIC INC., JEWEL OF INDIA INC.
MIKE BOPARAI, JASWANT SINGH SARAI, MANNY GREWAL, JAGDEEP SINGH INSURANCE, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, NAJAR SINGH SAHOTA, PRITAM S. GREWAL, HARDEV S. TAKHAR, SUKHBIR S. NIJJAR, KULWANT S KHEHRA, SUKHWANT S KHEHRA, BAY STAR TRANSPORT, MEHFIL INDIAN RESTAURANT, SHAHID BHAGAT SINGH CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT
CENTRAL VALLEY SPORTS CLUB, KINGS SPORTS CLUB SACRAMENTO, NATOMOUS LIQUOR, GURNAM SINGH. PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL. JARNAIL S MANN. JASVIR S TAKHAR. SURINDER S DHANOA, BOOTA SINGH, SHANKAR SINGH, JASBIR S NAHAL, CAR WASH GILLROY. RANA KAHLON, SUCHA RAM BHARTA. SHASHI PAUL, HARWINDER S DHALIWAL. MAJOR S GILL. JACK RAM, PAUL RAM, SEWA SINGH, JASSI SHERGILL, MALAGHAR S KHERA, BITTU RAI, BALWINDER VIRK, JASWANT UPPAL, KULDEEP S MANN, JOGA SINGH, NACHHATTAR KHABRA, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.
All Kabaddi Lovers are openly Invited
Raja SWEETS & CATERING
RPV RAMA PHOTO VIDEO
CHICAGO'S PIZZA With-A-Twist
ਆਲ ਓਪਨ ਯੂ.ਐੱਸ.ਏ: ਯੂਨਾਈਟਡ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Young Sports Kabaddi Club CA.
3. Metro Sports Club New York 4. Canada Club
ਕੁਮੈਂਟੇਟਰ
Spectator Have to reach at James Logan High School, International Law of Kabaddi will apply, United Sports Club has reserve the right for last decisions.



TOTAL ENTERTAINMENT AVTAR LAKHA
PROUDLY PRESENTS
AVTAR LAKHA ( USA )
Surinder Khan
LIVE FOR YOUR PRIVATE MEHFIL
GHAZALS
& SONGS PUNJABI,HINDI & URDU
Arz Kiya Hai
FOR MORE INFORMATION
AVTAR LAKHA
209-200-0818 / 925-365-6410
SEPTEMBER
OCTOBER 2019
NOVEMBER
DESIGNED BY - RAMAN MORANWALIA